# ਰੱਬ ਦਾ ਯੱਬ

## ਅਮਰਜੀਤ ਢਿੱਲੋਂ ਦਬੜੀਖਾਨਾ

www.PunjabiLibrary.com

ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ

# ਰੱਬ ਦਾ ਯੱਬ

ਅਮਰਜੀਤ ਢਿੱਲੋਂ ਦਬੜ੍ਹੀਖਾਨਾ

ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ

**ਰੱਬ ਦਾ ਯੱਬ**

ਲੇਖਕ : ਅਮਰਜੀਤ ਢਿੱਲੋਂ
ਪਿੰਡ ਗੋਬਿੰਦਗੜ੍ਹ (ਦਬੜ੍ਹੀਖਾਨਾ)
ਵਾਇਆ ਬਾਜਾਖਾਨਾ (ਫਰੀਦਕੋਟ)
ਪਿੰਡ ਕੋਡ 151205
ਮੋਬਾਇਲ 94171-20427
ਫੋਨ ਨੰ: 01635-252130, 252430
E-mail : bajakhanacity@gmail.com
blog : amarjeetdabrikhana.blogspot.com

ਦੂਜੀ ਵਾਰ : 2011

© ਲੇਖਕ

**ਪ੍ਰਕਾਸ਼ਕ :** **ਤਰਕਭਾਰਤੀ ਪ੍ਰਕਾਸ਼ਨ**
ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ।
ਫੋਨ : 01679-241744, 233244 ਫੈਕਸ : 241744
E-mail : anu_bnl@yahoo.com
www.thepunjabi.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** 30/-

---

*© 2011 All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸੇ ਕਲਮ ਤੋਂ

1 ਧੁੱਪ ਦਾ ਲਿਬਾਸ (ਕਾਵਿ ਸੰਗ੍ਰਹਿ)
2 ਜੱਗ ਰਚਨਾ ਦਾ ਸੱਚ (ਵਾਰਤਕ)
3 ਨੀਲੀ ਛੱਤਰੀ (ਵਿਗਿਆਨਕ ਕਾਵਿ ਵਾਰਤਕ)
4 ਤਰਕਸ਼ੀਲ ਕਾਵਿ ਵਿਅੰਗ
5 ਮੁਕਤੀ ਦੀ ਇੱਛਾ ਨਹੀਂ (ਗ਼ਜ਼ਲ ਸੰਗ੍ਰਹਿ)
6 ਲਫ਼ਜ਼ਾਂ ਦੇ ਤੀਰ
7 ਜ਼ਿੰਦਗੀ ਦਾ ਹੁਸਨ
8 ਰੱਬ ਦਾ ਯੱਬ (ਦੂਜੀ ਵਾਰ)

ਮਨ ਦਾ ਡਰ
ਨਾ ਇਹ ਗੁੰਝਲਦਾਰ ਬੁਝਾਰਤ
ਨਾ ਇਹ ਗੋਰਖਧੰਦਾ
ਆਪਣੇ ਮਨ ਦੇ ਡਰ 'ਚੋਂ ਹੀ ਰੱਬ ਸਿਰਜ ਲੈਂਦਾ ਹੈ ਬੰਦਾ।
ਭਾਈ, ਪੰਡਿਤ, ਮੁੱਲਾਂ ਇਹ ਡਰ
ਹੋਰ ਵਧਾਉਂਦੇ ਰਹਿੰਦੇ
ਇਸੇ ਆਸਰੇ ਚੱਲਦਾ
ਵਿਹਲੜ ਸ਼ੈਤਾਨਾਂ ਦਾ ਧੰਦਾ

## ਰੱਬ?

ਕਹਿੰਦੇ ਨੇ ਜਿਸ ਨੂੰ ਰੱਬ ਹੈ
ਇਹ ਸਭ ਤੋਂ ਵੱਡਾ ਯੱਬ ਹੈ।
ਜਾਂ ਜਾਬ੍ਹਾਂ ਦਾ ਭੇੜ ਹੈ,
ਮਾਨਵਤਾ 'ਚ ਦੁਫੇੜ ਹੈ।
ਸੱਭਿਅਤਾ ਜਾਂ ਹੋਈ ਜਵਾਨ ਸੀ
ਪੈਦਾ ਹੋ ਗਏ ਸ਼ੈਤਾਨ ਸੀ।
ਜੋ ਵਿਹਲੇ ਬਹਿ ਕੇ ਖਾਂਵਦੇ, ਤੇ ਕਿਰਤੀਆ ਤਾਈਂ ਡਰਾਂਵਦੇ।
ਰੱਬ ਸਿਰਜਣਹਾਰੇ ਬਣ ਗਏ! ਰੱਬ ਦੇ ਹਰਕਾਰੇ ਬਣ ਗਏ।
ਉਨ੍ਹਾਂ ਵਿਹਲੇ ਬਹਿ ਜੰਗਲਾਂ ਵਿਖੇ,
ਸੀ ਢੇਰ ਗ੍ਰੰਥਾਂ ਦੇ ਲਿਖੇ।
ਜੋ ਰਾਜੇ ਰਾਜ ਕਮਾਂਵਦੇ, ਉਹ ਵੀ ਉਨ੍ਹਾਂ ਕੋਲ ਜਾਂਵਦੇ,
ਇਹ ਵੀ ਸਮਿਆਂ ਦਾ ਗੇੜ ਸੀ, ਦੋਹਾਂ ਦਾ ਹੋਇਆ ਨੇੜ ਸੀ।
ਅੱਜ ਤੱਕ ਜੋ ਚੱਲਿਆ ਆ ਰਿਹਾ ਤੇ ਬੰਦਾ ਛਲਿਆ ਜਾ ਰਿਹਾ।
ਫਿਰ ਰੱਬ ਦੀਆਂ ਪੈ ਗਈਆਂ ਵੰਡੀਆਂ, ਬੰਦੇ ਦੀਆਂ ਹੋਈ ਭੰਡੀਆਂ।

ਮਜ਼ਹਬਾਂ ਦੇ ਕਲਮੇ ਪੜ੍ਹਦਿਆਂ
ਤੇ ਰੱਬ ਦੇ ਨਾਂਅ 'ਤੇ ਲੜਦਿਆਂ
ਪੈਦਾ ਹੋ ਗਿਆ ਜਨੂੰਨ ਸੀ
ਸਦੀਆਂ ਤੱਕ ਡੁੱਲ੍ਹਿਆ ਖ਼ੂਨ ਸੀ।
ਇਹ ਖ਼ੂਨ ਅੱਜ ਵੀ ਡੁੱਲ ਰਿਹਾ
ਕਿਰਤੀ ਕਾਮਾ ਹੈ ਰੁਲ ਰਿਹਾ।
ਇਨ੍ਹਾਂ ਵਿਹਲੜਾਂ ਤਾਈਂ ਟਾਲੀਏ
ਆਓ ਆਪਣੀ ਕਿਰਤ ਸੰਭਾਲੀਏ
ਸਭ ਤੋਂ ਹੋ ਕੇ ਬੇਵਾਸਤਾ
ਇਸ ਰੱਬ ਦਾ ਵੱਢੀਏ ਫਾਸਤਾ
ਕਹਿੰਦੇ ਨੇ ਜਿਸ ਨੂੰ ਰੱਬ ਹੈ
ਇਹ ਸਭ ਤੋਂ ਵੱਡਾ ਯੱਬ ਹੈ।

ਰੱਬ ਦੇ ਯੱਬ ਤੋਂ ਬਿਨਾਂ ਸੁਖਾਲੀ ਜ਼ਿੰਦਗੀ
'ਆਦਮੀ ਕੇ ਜ਼ਿਹਨ ਮੇਂ ਥਾ ਇੱਕ ਭਿਆਨਕ ਖੌਫ,
ਉਸ ਕਾ ਕਿਸੀ ਨੇ ਖ਼ੁਦਾ ਨਾਮ ਰੱਖ ਦੀਆ।'

ਰੱਬ, ਖੁਦਾ, ਅੱਲਾ, ਗੌਡ, ਈਸ਼ਵਰ ਆਦਿ ਸਭ ਮਨੁੱਖ ਦੇ ਮਨ ਵਿਚਲੇ ਡਰ ਦੇ ਹੀ ਨਾਂਅ ਹਨ। ਰੱਬ ਦੀ ਉਮਰ ਸਿਰਫ ਤਿੰਨ ਹਜ਼ਾਰ ਸਾਲ ਹੈ। ਤਿੰਨ ਹਜ਼ਾਰ ਸਾਲ ਤੋਂ ਪਹਿਲਾਂ ਦੇ ਕਿਸੇ ਗ੍ਰੰਥ ਵਿੱਚ ਰੱਬ ਦਾ ਜ਼ਿਕਰ ਨਹੀਂ ਮਿਲਦਾ। ਹਿੰਦੂ ਕਹਿੰਦੇ ਹਨ ਕਿ ਵਿਸ਼ਨੂੰ (ਰੱਬ) ਨੇ ਚਾਰ ਵੇਦ ਬ੍ਰਹਮਾ ਨੂੰ ਦੇ ਕੇ ਸ੍ਰਿਸ਼ਟੀ ਸਾਜਣ ਵਾਸਤੇ ਭੇਜਿਆ। ਉਨ੍ਹਾਂ ਚਾਰ ਵੇਦਾਂ 'ਚੋਂ ਦੁਨੀਆਂ ਦਾ ਸਭ ਤੋਂ ਪੁਰਾਣਾ ਗ੍ਰੰਥ ਰਿਗਵੇਦ ਹੈ। ਰਿਗਵੇਦ ਨੂੰ ਸਾਢੇ ਤਿੰਨ ਤੋਂ ਚਾਰ ਹਜ਼ਾਰ ਸਾਲ ਪੁਰਾਣਾ ਮੰਨਿਆ ਜਾਂਦਾ ਹੈ, ਪਰ ਉਸ ਵਿੱਚ ਰੱਬ ਦਾ ਕਿਤੇ ਵੀ ਕੋਈ ਜ਼ਿੰਕਰ ਨਹੀਂ। ਇਸ ਵਿੱਚ ਆਰੀਅਨ (ਸੁਰ) ਅਤੇ ਦਰਾਵੜਾਂ (ਅਸੁਰ) ਦੇ ਯੁੱਧਾਂ ਦਾ ਵਰਨਣ ਹੈ ਅਤੇ ਇੰਦਰ ਦੇ ਪ੍ਰਸੰਸਾਮਈ ਗੀਤ ਗਾਏ ਗਏ ਹਨ, ਜਿਸ ਨੇ ਲੱਖਾਂ ਦੀ ਗਿਣਤੀ 'ਚ ਅਸੁਰਾਂ (ਦਰਾਵਿੜਾਂ) ਨੂੰ ਮਾਰਿਆ। ਦੁਨੀਆਂ ਦੇ ਹੋਰ ਕਿਸੇ ਵੀ ਤਿੰਨ ਹਜ਼ਾਰ ਤੋਂ ਵੱਧ ਪੁਰਾਣੇ ਗ੍ਰੰਥ 'ਚ ਕਿਤੇ ਵੀ ਰੱਬ ਦਾ ਜ਼ਿਕਰ ਨਹੀਂ। ਰੱਬ ਦੀ ਕਲਪਨਾ ਮਨੁੱਖ ਨੇ ਤਿੰਨ ਕੁ ਹਜ਼ਾਰ ਸਾਲ ਪਹਿਲਾਂ ਹੀ ਕੀਤੀ। ਮਨੁੱਖੀ ਸੱਭਿਅਤਾ ਦੀ ਉਮਰ ਦਸ ਹਜ਼ਾਰ ਸਾਲ ਦੇ ਕਰੀਬ ਹੈ। 8,000 ਸਾਲ ਈਸਾ ਪੂਰਵ (ਖੇਤੀ ਕਰਨ ਸਮੇਂ) ਮਨੁੱਖੀ ਸੱਭਿਅਤਾ ਵਿਕਾਸ ਦੇ ਰਾਹ ਪੈ ਗਈ ਸੀ। ਇਸ ਤੋਂ ਪਹਿਲਾਂ ਮਨੁੱਖ ਆਮ ਪਸ਼ੂਆਂ ਵਾਂਗ ਹੀ ਜੰਗਲਾਂ 'ਚ ਵਿਚਰਦਾ ਸੀ। 40 ਲੱਖ ਵਰ੍ਹੇ ਦੇ ਕਰੀਬ (ਜੀਵ ਵਿਕਾਸ ਅਨੁਸਾਰ) ਮਨੁੱਖ ਇਸ ਧਰਤੀ 'ਤੇ ਪੈਦਾ ਹੋ ਚੁੱਕਿਆ ਸੀ। 40 ਕੁ ਹਜ਼ਾਰ ਵਰ੍ਹੇ ਪਹਿਲਾਂ ਧਰਮ ਦੀ ਸ਼ੁਰੂਆਤ ਹੋਈ ਅਤੇ ਤਿੰਨ ਹਜ਼ਾਰ ਵਰ੍ਹੇ ਪਹਿਲਾਂ ਰੱਬ ਦਾ ਨਾਂਅ ਹੋਂਦ 'ਚ ਆਇਆ। 39 ਲੱਖ 60 ਹਜ਼ਾਰ ਵਰ੍ਹੇ ਮਨੁੱਖ ਨੇ ਧਰਮ ਤੋਂ ਬਿਨਾਂ ਅਤੇ 39 ਲੱਖ 97 ਹਜ਼ਾਰ ਵਰ੍ਹੇ ਮਨੁੱਖ ਨੇ ਰੱਬ ਤੋਂ ਬਿਨਾਂ ਹੀ ਗੁਜ਼ਾਰੇ। ਉਸ ਤੋਂ ਪਹਿਲਾਂ ਦੇਵੀ-ਦੇਵਤਿਆਂ ਨਾਲ ਹੀ ਕੰਮ ਚੱਲਦਾ ਰਿਹਾ। ਰਿਗਵੇਦ ਵਿੱਚ 152 ਦੇਵੀ ਦੇਵਤਿਆਂ ਦੀ ਕਲਪਨਾ ਕੀਤੀ ਗਈ ਹੈ। ਸਭ ਤੋਂ ਪਹਿਲਾਂ ਮਨੁੱਖ ਨੇ ਕੁਦਰਤੀ ਆਫਤਾਂ ਤੋਂ ਭੈਅਭੀਤ ਹੋ ਕੇ ਇਨ੍ਹਾਂ ਅੱਗੇ ਗਿੜਗਿੜਾਉਣਾ ਸ਼ੁਰੂ ਕੀਤਾ। ਅਸਮਾਨ 'ਚ ਚਮਕਦੀ ਬਿਜਲੀ, ਤੇਜ ਮੀਂਹ, ਗੜ੍ਹੇ, ਹਨੇਰੀ, ਤੂਫਾਨ, ਭੁਚਾਲ, ਹੜ੍ਹ, ਜੰਗਲ ਦੀ ਅੱਗ ਦਾ ਵਰਤਾਰਾ ਜਦ ਮਨੁੱਖ ਦੀ ਸਮਝ 'ਚ ਨਾ ਆਉਂਦਾ ਤਾਂ ਉਹ ਇਨ੍ਹਾਂ ਅੱਗੇ ਅਰਦਾਸਾਂ ਕਰਦਾ। ਅੱਜ ਵਿਗਿਆਨਕ ਸੂਝ ਕਾਰਨ ਮਨੁੱਖ ਇਨ੍ਹਾਂ ਆਫਤਾਂ ਦੇ ਕਾਰਨਾਂ ਨੂੰ ਸਮਝਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਧਰਮ ਦਾ ਜਨਮ ਅਗਿਆਨ 'ਚੋਂ ਹੋਇਆ । ਜਿਸ ਮਕਾਨ ਦੀ ਨਹੀਂ ਦੀ ਇੱਟ ਹੀ ਟੇਢੀ ਧਰੀ ਜਾਵੇ ਤਾਂ ਉਸ ਦੀ ਬਾਕੀ ਉਸਾਰੀ ਬਾਰੇ ਅਸੀਂ ਖੁਦ ਹੀ ਕਲਪਨਾ ਕਰ ਸਕਦੇ ਹਾਂ। ਅਗਿਆਨ 'ਚੋਂ ਧਰਮ ਦੀ ਉਤਪਤੀ ਮਨੁੱਖ ਦੀ ਜਗਿਆਸਾ (ਜਾਨਣ ਦੀ ਤਾਂਘ) ਦਾ ਹੀ ਨਤੀਜਾ ਸੀ। ਅੱਜ ਜਿਹੜੇ ਦੇਵ ਪੁਰਸ਼ ਇਹ ਕਹਿੰਦੇ ਹਨ ਕਿ ਧਰਮ ਸਿਰਫ ਮਹਿਸੂਸ ਹੀ ਕੀਤਾ ਜਾ ਸਕਦਾ ਹੈ ਜਾਂ ਕਿ ਧਰਮ ਵਿਸ਼ਵਾਸ਼ ਉੱਪਰ ਆਧਾਰਿਤ ਹੈ, ਉਹ 40 ਹਜ਼ਾਰ ਵਰ੍ਹੇ ਪਹਿਲਾਂ ਵਾਲੇ ਆਦਿ ਮਨੁੱਖ ਦੇ ਪੱਧਰ 'ਤੇ ਹੀ ਵਿਚਰ ਰਹੇ ਹਨ। ਬੇਸ਼ੱਕ ਝੂਠੀਆਂ ਅਤੇ ਨਿਰ ਆਧਾਰ ਕਲਪਨਾਵਾਂ ਕਾਰਨ ਆਦਿ ਮਨੁੱਖ ਮੁਆਫੀ ਦੇ ਕਾਬਲ ਨਹੀਂ ਸੀ, ਪਰ ਅੱਜ ਦੇ ਵਿਗਿਆਨਕ ਯੁੱਗ 'ਚ ਉਨ੍ਹਾਂ ਝੂਠੀਆਂ

ਕਲਪਨਾਵਾਂ ਦਾ ਆਨੰਦ ਮਾਨਣ ਵਾਲਾ ਆਧੁਨਿਕ ਮਨੁੱਖ ਤਾਂ ਕਿਵੇਂ ਵੀ ਮੁਆਫੀ ਦੇ ਕਾਬਲ ਨਹੀਂ ਅਤੇ ਸਜ਼ਾ ਦਾ ਹੱਕਦਾਰ ਹੈ। ਗੌਤਮ ਬੁੱਧ ਦੇ ਸ਼ਬਦਾਂ (26 ਸੌ ਸਾਲ ਪਹਿਲਾਂ) ਵਿੱਚ 'ਮਨੁੱਖ ਨੂੰ ਆਪਣਾ ਦੀਪਕ ਆਪ ਬਨਣਾ ਚਾਹੀਦਾ ਹੈ। ਵਿਚਾਰਵਾਨ ਮਨੁੱਖ ਨੂੰ ਹਰ ਸਮੇਂ ਗਿਆਨ ਦੀਆਂ ਅੱਖਾਂ ਖੋਲ੍ਹ ਕੇ ਚੱਲਣ ਦੀ ਜੀਵਨ ਜਾਚ ਸਿੱਖਣੀ ਚਾਹੀਦੀ ਹੈ। ਸੁਣੀ-ਸੁਣਾਈ ਗੱਲ, ਬਿਨਾਂ ਕਿਸੇ ਪਰਖ-ਪੜਚੋਲ ਦੇ ਸਿਰਫ ਮੂਰਖ ਹੀ ਮੰਨ ਸਕਦੇ ਹਨ।' ਇਸ ਤਰ੍ਹਾਂ ਵਿਗਿਆਨਕ ਵਿਧੀ ਰਾਹੀਂ ਪਰਖ ਦੇ ਆਧਾਰ 'ਤੇ ਜਿਸ ਚੀਜ਼ ਨੂੰ ਸਿੱਧ ਨਹੀਂ ਕੀਤਾ ਜਾ ਸਕਦਾ, ਉਸ ਚੀਜ਼ ਨੂੰ ਰੱਦ ਕਰ ਦਿੱਤਾ ਜਾਂਦਾ ਹੈ। ਧਰਮ ਦੇ ਖੇਤਰ 'ਚ ਆਉਂਦੀਆਂ ਚੀਜ਼ਾਂ ਰੱਬ, ਆਤਮਾ, ਪੁਨਰ ਜਨਮ, ਨਰਕ, ਸਵਰਗ, ਧਰਮ ਰਾਜ, ਯਮਦੂਤ (ਫਰਿਸ਼ਤੇ) ਆਦਿ ਦੀ ਹੋਂਦ ਨੂੰ ਕਿਸੇ ਵੀ ਤਰ੍ਹਾਂ ਸਿੱਧ ਨਹੀਂ ਕੀਤਾ ਜਾ ਸਕਦਾ ਅਤੇ ਇਨ੍ਹਾਂ ਦੀ ਹੋਂਦ ਦਾ ਕੋਈ ਸਬੂਤ ਨਹੀਂ ਹੈ। ਇਸ ਲਈ ਇਹ ਸਿਰਫ ਝੂਠੀਆਂ ਕਲਪਨਾਵਾਂ ਤੋਂ ਵੱਧ ਕੁਝ ਵੀ ਨਹੀਂ। ਕਿਸੇ ਧਰਮ ਦੇ ਸ਼ੁਰੂ ਕਰਨ ਵੇਲੇ ਹੀ ਇਹ ਮੰਨ ਲਿਆ ਜਾਂਦਾ ਹੈ ਕਿ ਧਰਮ ਦੇ ਮੋਢੀ ਦੀ ਰੱਬ ਨਾਲ ਸਿੱਧੀ ਗੱਲਬਾਤ ਸੀ। ਇਹ ਵੀ ਕਿ ਉਹ ਰੱਬ ਦਾ ਆਖਰੀ ਪੈਗੰਬਰ (ਦੂਤ) ਹੈ। ਜਿਵੇਂ ਯਹੂਦੀਆਂ ਦਾ ਮੂਸਾ, ਈਸਾਈਆਂ ਦਾ ਈਸਾ, ਮੁਸਲਮਾਨਾਂ ਦਾ ਹਜ਼ਰਤ ਮੁਹੰਮਦ, ਹਿੰਦੂਆਂ ਦੇ 24 ਅਵਤਾਰ, ਸਿੱਖਾਂ ਦੇ 10 ਗੁਰੂ, ਨਾਮਧਾਰੀਆਂ, ਨਿਰੰਕਾਰੀਆਂ, ਰਾਧਾ ਸੁਆਮੀਆਂ ਦੇ ਅਵਤਾਰ ਆਦਿ। ਹਿੰਦੂ, ਸਿੱਖ ਇੱਕ ਆਖਰੀ ਅਵਤਾਰ ਦੀ ਕਲਪਨਾ ਕਰਦੇ ਹਨ ਕਿ ਜਿਸ ਨੇ ਅਜੇ ਆਉਣਾ ਹੈ। ਉਸ ਨੂੰ ਨਿਹਕਲੰਕ ਅਵਤਾਰ ਕਹਿੰਦੇ ਹਨ।

ਧਰਮ ਹਮੇਸ਼ਾਂ ਨਫਰਤ ਅਤੇ ਭੇਦਭਾਵ ਪੈਦਾ ਕਰਦਾ ਹੈ। ਇੱਕ ਧਰਮ ਦੀ ਸਿੱਖਿਆ ਦੂਜੇ ਲਈ ਅਧਰਮ ਹੈ। ਬੁੱਤ ਪੂਜਾ ਹਿੰਦੂਆਂ ਲਈ ਧਰਮ ਅਤੇ ਮੁਸਲਮਾਨਾਂ ਲਈ ਅਧਰਮ ਹੈ। ਉਹ ਬੁੱਤ ਪੂਜਣ ਵਾਲਿਆਂ ਨੂੰ ਕਾਫਿਰ (ਨਾਸਤਿਕ) ਕਹਿੰਦੇ ਹਨ। ਪਹਿਲਾਂ ਸਿੱਖ ਵੀ ਬੁੱਤ ਪੂਜਾ ਦੇ ਖਿਲਾਫ ਸਨ, ਪਰ ਹੁਣ ਉਹ ਸਭ ਤੋਂ ਵੱਡੇ ਬੁੱਤ ਪੂਜਕ ਹੋ ਨਿੱਬੜੇ ਹਨ। ਮਾੜੀ ਮਸਾਣੀਂ, ਯਾਦਗਾਰਾਂ, ਕਰਾਮਾਤਾਂ ਆਦਿ ਨੂੰ ਮੰਨਣ 'ਚ ਹੁਣ ਸਿੱਖ ਸਭ ਤੋਂ ਅੱਗੇ ਹਨ। ਧਾਰਮਿਕ ਵਿਸ਼ਵਾਸ਼ ਸੱਚਾਈ 'ਤੇ ਆਧਾਰਿਤ ਨਾ ਹੋਣ ਕਾਰਨ ਅੰਨ੍ਹਾ ਹੁੰਦਾ ਹੈ। ਇਹ ਅੰਧਵਿਸ਼ਵਾਸ਼ ਜਲਦੀ ਹੀ ਜਨੂੰਨ (ਪਾਗਲਪਨ) ਦਾ ਰੂਪ ਧਾਰਨ ਕਰ ਲੈਂਦਾ ਹੈ। ਧਾਰਮਿਕ ਪਾਗਲਪਨ ਨੇ ਕਰੋੜਾਂ ਮਨੁੱਖਾਂ ਦੀਆਂ ਜਾਨਾਂ ਲਈਆਂ ਹਨ ਅਤੇ ਅਜੇ ਵੀ ਇਹ ਸਿਲਸਿਲਾ ਜਾਰੀ ਹੈ। ਬਕੌਲ ਸ਼ਾਇਰ-

"ਬੰਦੇ ਨਾ ਹੋਂਗੇ ਜਿਤਨੇ ਖੁਦਾ ਹੈ ਖੁਦਾਈਂ ਮੇਂ, ਕਿਸ ਕਿਸ ਖੁਦਾ ਕੇ ਸਾਹਮਣੇ ਸੱਜਦਾ ਕਰੇ ਕੋਈ ਛਿਤਰੌਲ ਕਰਦਾ। ਲਾਉਣ ਦਿੰਦਾ ਨਾ ਉੱਚੀ ਸਪੀਕਰਾਂ ਨੂੰ, ਇਨ੍ਹਾਂ ਭਾਈਆਂ ਨੂੰ ਬੋਲ-ਕਬੋਲ ਕਰਦਾ। ਢਿੱਲੋਂ ਸੱਚੀਂਮੁੱਚੀ ਜੇ ਹੁੰਦਾ ਪਰਮਾਤਮਾ ਤਾਂ, ਇੱਥੇ ਲੋਟੂ ਨਾ ਕੋਈ ਕਲੋਲ ਕਰਦਾ।

## ਦੇਵਤਿਆਂ ਦਾ ਜਨਮ

'ਸਾਰੀ ਉਮਰ ਗੁਜਾਰ ਦੀ ਖੁਦਾ ਕੀ ਤਲਾਸ਼ ਮੇਂ, ਆਪਣੀ ਨਾ ਕੀ ਤਲਾਸ਼

ਯਹੀਂ ਭੁੱਲ ਹੋ ਗਈ।' ਮਨੁੱਖੀ ਸੱਭਿਅਤਾ ਦੀ ਉਮਰ ਮਸਾਂ 10 ਕੁ ਹਜ਼ਾਰ ਸਾਲ ਹੈ। ਉਸ ਤੋਂ ਪਹਿਲਾਂ ਮਨੁੱਖ ਆਮ ਪਸ਼ੂਆਂ ਵਰਗਾ ਜਾਨਵਰ ਸੀ। ਆਪਣੇ ਮਨ ਦੇ ਭਾਵ ਪ੍ਰਗਟ ਕਰਨ ਲਈ ਮਨੁੱਖ ਨੇ ਭਾਸ਼ਾਵਾਂ ਦੀ ਕਾਢ ਕੱਢੀ। ਭਾਸ਼ਾਵਾਂ ਦੇ ਨਾਲ ਲਿਪੀਆਂ ਵਿਕਸਤ ਹੋਈਆਂ। ਭੂ ਮੱਧ ਸਾਗਰ ਅਤੇ ਹਿੰਦ ਮਹਾਂਸਾਗਰ ਦੇ ਇਲਾਕੇ 'ਚ ਸਿੰਧੂ ਘਾਟੀ, ਚੀਨ 'ਚ ਰਾਂਗਘਾਟੀ, ਇਰਾਕ 'ਚ ਦਜ਼ਲਾ ਫਰਾਤ ਅਤੇ ਮਿਸਰ 'ਚ ਨੀਲ ਨਦੀ ਘਾਟੀ ਮਨੁੱਖੀ ਸੱਭਿਅਤਾਵਾਂ ਦੇ ਵਿਕਾਸ ਦੇ ਮੁੱਖ ਕੇਂਦਰ ਸਨ। ਇਨ੍ਹਾਂ ਸੱਭਿਅਤਾਵਾਂ 'ਚ ਹੀ ਕਲਾਵਾਂ ਦਾ ਜਨਮ ਹੋਇਆ। ਜਿਵੇਂ ਜਿਵੇਂ ਮਨੁੱਖ ਦੀ ਸੋਚ ਵਿਕਸਤ ਹੋਣ ਲੱਗੀ, ਉਸ ਦੇ ਮਨ 'ਚ ਜਗਿਆਸਾ ਪੂਰਨ ਪ੍ਰਸ਼ਨ ਉੱਠਣ ਲੱਗੇ। ਜਿਵੇਂ ਅੱਜ ਡੇਢ ਦੋ ਸਾਲ ਦਾ ਬੱਚਾ ਆਪਣੀ ਜਗਿਆਸਾ ਵੱਸ ਵੱਡਿਆਂ ਨੂੰ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛਦਾ ਹੈ, ਉਸ ਸਮੇਂ ਆਦਿ ਮਨੁੱਖ ਦਾ ਵੀ ਇਹੀ ਹਾਲ ਸੀ। ਇਸੇ ਤਰ੍ਹਾਂ ਮਨੁੱਖੀ ਸੱਭਿਅਤਾ ਦੇ ਬਚਪਨ ਵਿੱਚ ਮਨੁੱਖ ਸੂਰਜ, ਚੰਦ, ਤਾਰੇ, ਹਨ੍ਹੇਰੀ, ਅੱਗ, ਹੜ੍ਹ, ਮੀਂਹ ਆਦਿ ਬਾਰੇ ਸੋਚਣ ਲੱਗਾ, ਪਰ ਉਸਦੀ ਬੁੱਧੀ ਅਜੇ ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਜੋਗੀ ਨਹੀਂ ਸੀ। ਭਿਆਨਕ ਆਫਤਾਂ ਕਾਰਨ ਮਨੁੱਖ ਦੇ ਮਨ 'ਚ ਭਿਆਨਕ ਡਰ ਅਤੇ ਸਹਿਮ ਰਹਿਣ ਲੱਗਾ। ਆਦਿ ਮਨੁੱਖ ਦੇ ਮਨੋਭਾਵਾਂ ਦਾ ਵਿਸ਼ਲੇਸ਼ਣ ਕਰਨ ਲਈ ਵਿਗਿਆਨੀਆਂ ਨੂੰ ਕਈ ਮੂਲ ਸੋਮਿਆਂ ਪਸ਼ੂ ਪੰਛੀ ਵੀ ਦੇਵਤਿਆਂ ਦੀ ਸ਼੍ਰੇਣੀ ਵਿੱਚ ਆ ਗਏ। ਸੱਪ ਦੇ ਭੈਅ ਕਾਰਨ ਉਸ ਨੂੰ ਗੁੱਗਾ ਪੀਰ ਕਹਿ ਕੇ ਪੂਜਿਆ ਜਾਣ ਲੱਗਿਆ। ਰੋਮ ਦੀ ਸੱਭਿਅਤਾ ਵਿੱਚ ਜਹੋਵਾ ਨੂੰ ਮੁੱਖ ਦੇਵਤਾ ਮੰਨਿਆ ਗਿਆ। (ਇਹ ਹੀ ਬਾਅਦ 'ਚ ਜਾ ਕੇ ਉਨ੍ਹਾਂ ਦਾ ਰੱਬ ਬਣਿਆ ਅਤੇ ਇੱਥੋਂ ਹੀ ਇੱਕ ਰੱਬ ਦੀ ਸ਼ੁਰੂਆਤ ਹੋਈ) ਚੀਨੀਆਂ ਦੇ ਮੁੱਖ ਦੇਵਤੇ ਧਰਤੀ ਅਤੇ ਆਕਾਸ਼ ਸਨ। ਭਾਰਤ 'ਚ ਵੈਦਿਕ ਆਰੀਅਨਾਂ ਦੇ ਮੁੱਖ ਦੇਵਤੇ ਸੂਰਜ ਅਤੇ ਇੰਦਰ ਸਨ। ਇੰਦਰ ਆਰੀਅਨਾਂ ਦਾ ਪ੍ਰਮੁੱਖ ਯੋਧਾ ਹੀ ਸੀ। ਇੰਦਰ ਨੇ ਮੂਲ ਭਾਰਤੀ ਦਰਾਵਿੜਾਂ ਦਾ ਬੇਰਹਿਮੀ ਨਾਲ ਕਤਲੇਆਮ ਕੀਤਾ ਅਤੇ ਰਿਗਵੇਦ ਦੇ ਲਿਖਾਰੀਆਂ ਨੇ ਉਸ ਨੂੰ ਸੁਰਗ ਦੇ ਦੇਵਤੇ ਦਾ ਖਿਤਾਬ ਦਿੱਤਾ। ਇਸੇ ਸਮੇਂ ਆਰੀਅਨ ਸੱਭਿਅਤਾ ਵਿੱਚ ਹੀ ਮਰਨ ਤੋਂ ਬਾਅਦ ਆਤਮਾ ਦਾ ਵਿਚਾਰ ਪ੍ਰਚਲਿਤ ਹੋਇਆ।

ਇਸੇ ਵਿਚਾਰ ਤਹਿਤ ਮਿਸਰ 'ਚ ਮ੍ਰਿਤਕ ਸਰੀਰ ਨੂੰ ਸਾਂਭ ਕੇ ਰੱਖਿਆ ਜਾਣ ਲੱਗਿਆ, ਜਿਸ ਨੂੰ ਮੰਮੀ ਕਿਹਾ ਜਾਂਦਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਦੀ ਖੋਜ ਕਰਨੀ ਪਈ। ਅੱਜ ਦੇ ਸਮਾਜ 'ਚ ਜੋ ਅੰਧ ਵਿਸ਼ਵਾਸ਼ ਪਾਏ ਜਾਂਦੇ ਹਨ, ਇਹ ਆਦਿ ਮਨੁੱਖ ਦੀ ਸੋਚ ਦੀਆਂ ਕਠੋਰ ਯਾਦਾਂ ਹਨ। ਮੌਤ, ਬਿਮਾਰੀ ਆਦਿ ਦੇ ਡਰ ਤੋਂ ਮਨੁੱਖ ਨੇ ਟੂਣੇ ਟੋਟਕਿਆਂ ਆਦਿ ਦੀ ਕਾਢ ਕੱਢੀ। ਇਹੋ ਟੂਣੇ ਟੋਟਕਿਆਂ ਦਾ ਕਾਰਜ ਨਿਭਾਉਣ ਨੂੰ ਪ੍ਰਣਾਏ ਮਨੁੱਖ ਅੱਗੇ ਚੱਲ ਕੇ ਸੰਤ, ਸਾਧ, ਪਾਦਰੀ, ਪੁਰੋਹਿਤ, ਪੁਜਾਰੀ ਆਦਿ ਬਣੇ। ਅਸਲ 'ਚ ਮਨੁੱਖੀ ਸੱਭਿਅਤਾ ਦੇ ਵਿਕਾਸ ਦੇ ਨਾਲ ਨਾਲ ਹੀ ਵਿਹਲੜ ਵਰਗ ਵੀ ਹੋਂਦ 'ਚ ਆਉਂਦਾ ਗਿਆ। ਜਦੋਂ ਮਨੁੱਖ ਨੇ 10 ਹਜ਼ਾਰ ਸਾਲ ਪਹਿਲਾਂ ਖੇਤੀ ਕਰਨੀ ਸ਼ੁਰੂ ਕੀਤੀ ਤਾਂ ਉਸ ਕੋਲ ਆਪਣੀ ਲੋੜ ਤੋਂ ਵੱਧ ਅਨਾਜ ਹੋਣ ਲੱਗ ਪਿਆ। ਵਿਹਲੜ ਵਰਗ ਨੇ ਇਹ ਵਾਧੂ ਅਨਾਜ ਹਥਿਆਉਣ ਲਈ ਮਨੁੱਖ ਨੂੰ ਪੁੰਨ

ਦਾਨ ਕਰਨ ਅਤੇ ਦਸਵਾਂ ਦਸੌਂਧ ਕੱਢਣ ਆਦਿ ਲਈ ਪ੍ਰੇਰਨਾ ਸ਼ੁਰੂ ਕੀਤਾ। ਇਨ੍ਹਾਂ ਨੇ ਹੀ ਸੂਰਜ, ਚੰਦ, ਪਾਣੀ, ਹਵਾ, ਅੱਗ, ਆਕਾਸ਼, ਧਰਤੀ ਆਦਿ ਨੂੰ ਦੇਵੀ ਦੇਵਤੇ ਮੰਨ ਕੇ ਇਨ੍ਹਾਂ ਦੀ ਪੂਜਾ ਕਰਵਾਉਣੀ ਸ਼ੁਰੂ ਕੀਤੀ। ਇਨ੍ਹਾਂ ਦੇਵੀ ਦੇਵਤਿਆਂ ਦੀ ਗਿਣਤੀ ਲਗਾਤਾਰ ਵੱਧਦੀ ਗਈ। ਕਈ ਰੁੱਖ ਅਤੇ ਇਨ੍ਹਾਂ 'ਚ ਆਤਮਾ ਦੁਬਾਰਾ ਪ੍ਰਵੇਸ਼ ਕਰੇਗੀ ਅਤੇ ਇਹ ਜੀ ਉੱਠਣਗੇ। ਭਾਰਤ 'ਚ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਨੂੰ ਇੱਕ ਦੂਜੇ ਤੋਂ ਸ਼ਕਤੀਸ਼ਾਲੀ ਦਿਖਾਉਣ ਦੀ ਹੋੜ ਲੱਗੀ ਰਹੀ, ਪਰ ਮਹਾਤਮਾ ਬੁੱਧ ਅਤੇ ਮਹਾਂਵੀਰ ਜੈਨ ਨੇ ਇਨ੍ਹਾਂ ਦੇਵੀ ਦੇਵਤਿਆਂ ਦਾ ਇੱਕ ਵਾਢਿਉਂ ਹੀ ਖੰਡਨ ਕਰ ਦਿੱਤਾ। ਰੋਮ ਵਿੱਚ ਯਹੂਦੀ ਅਤੇ ਇਸਾਈ ਧਰਮ ਪੈਦਾ ਹੋਏ। ਯਹੂਦੀਆਂ ਦੇ ਪੈਗੰਬਰ ਮੂਸਾ ਨੇ ਸਭ ਤੋਂ ਪਹਿਲਾਂ (ਤਿੰਨ ਹਜ਼ਾਰ ਸਾਲ ਪਹਿਲਾਂ) ਇੱਕ ਰੱਬ ਦਾ ਸਿਧਾਂਤ ਪੇਸ਼ ਕੀਤਾ। ਉਨ੍ਹਾਂ ਦੇ ਧਾਰਮਿਕ ਗ੍ਰੰਥ ਅੰਜ਼ੀਲ ਦੀ ਸੇਧ ਵਿੱਚ ਹੀ ਇਸਾਈ ਧਰਮ ਦੀ ਸ਼ੁਰੂਆਤ ਹੋਈ। ਮੂਸਾ ਨਾਲ ਪ੍ਰਚਲਿਤ ਕੋਹਤੂਰ ਪਹਾੜ ਦੀ ਕਲਾਪਨਿਕ ਮੂਸਾ-ਰੱਬ ਮਿਲਣੀ (ਧਾਰਮਿਕ ਗ੍ਰੰਥਾਂ ਅਨੁਸਾਰ ਰੱਬ ਦੇ ਚਾਨਣ ਨਾਲ ਕੋਹਤੂਰ ਪਹਾੜ ਰਾਖ ਹੋ ਕੇ ਸੁਰਮੇਂ ਦਾ ਹੋ ਗਿਆ) ਇਸ ਬਾਰੇ ਉਰਦੂ ਦਾ ਸ਼ੇਅਰ ਹੈ, 'ਤੂਰ ਪਰ ਛੇੜਾ ਥਾ ਜਿਸ ਨੇ ਆਪਕੋ, ਵੋਹ ਮੇਰੀ ਦੀਵਾਨਗੀ ਥੀ, ਮੈਂ ਨਾ ਥਾ'। ਇਨ੍ਹਾਂ ਕਾਲਪਨਿਕ ਕਹਾਣੀਆਂ ਨਾਲ ਸ਼ਾਇਰੀ ਦੇ ਸੁਮੇਲ ਤੋਂ ਬਾਅਦ ਇਹ ਲੋਕ ਕਹਾਣੀਆਂ ਬਣ ਕੇ ਜਨਮਾਨਸ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ ਹਨ। ਯਹੂਦੀਆਂ ਨੇ ਕਿਹਾ ਕਿ ਮੂਸਾ ਰੱਬ ਦਾ ਆਖਰੀ ਪੈਗੰਬਰ ਹੈ। ਯਹੂਦੀਆਂ ਦੇ ਗ੍ਰੰਥ ਅੰਜ਼ੀਲ ਦੀ ਸੇਧ 'ਚ ਹੀ ਬਾਈਬਲ ਦੀ ਰਚਨਾ ਹੋਈ ਅਤੇ ਇਸਾਈਆਂ ਨੇ ਈਸਾ ਨੂੰ ਸੂਲੀ 'ਤੇ ਲਟਕਾਉਣ ਤੋਂ ਬਾਅਦ ਕਿਹਾ ਕਿ ਯਸੂ ਮਸੀਹ (ਈਸਾ) ਰੱਬ ਦਾ ਆਖਰੀ ਪੈਗੰਬਰ ਸੀ। ਇਨ੍ਹਾਂ ਦੋਵਾਂ ਧਰਮਾਂ ਤੋਂ ਪ੍ਰਭਾਵਿਤ ਹੋ ਕੇ ਹੀ ਕੁਰਾਨ ਸ਼ਰੀਫ ਦੀ ਰਚਨਾ ਹੋਈ ਅਤੇ ਮੁਸਲਮਾਨਾਂ ਨੇ ਕਿਹਾ ਕਿ ਹਜ਼ਰਤ ਮੁਹੰਮਦ ਰੱਬ ਦਾ ਆਖਰੀ ਪੈਗੰਬਰ ਹੈ। ਈਸਾਈ ਅਤੇ ਮੁਸਲਮਾਨ ਦੋਵੇਂ ਹੀ ਇਹ ਕਹਿੰਦੇ ਹਨ ਕਿ ਰੱਬ ਨੇ ਛੇ ਦਿਨਾ 'ਚ ਦੁਨੀਆਂ ਸਾਜੀ ਅਤੇ ਸੱਤਵੇਂ ਦਿਨ ਥੱਕ ਕੇ ਅਰਾਮ ਕੀਤਾ। ਈਸਾਈਆਂ ਮੁਤਾਬਿਕ ਸੱਤਵਾਂ ਦਿਨ ਐਤਵਾਰ ਸੀ, ਜਦੋਂ ਕਿ ਮੁਸਲਮਾਨਾਂ ਮੁਤਾਬਿਕ ਸੱਤਵਾਂ ਦਿਨ ਸ਼ੁੱਕਰਵਾਰ ਸੀ। ਇਸੇ ਲਈ ਇਸਾਈਆਂ ਨੇ ਐਤਵਾਰ ਦੀ ਛੁੱਟੀ ਪ੍ਰਚੱਲਿਤ ਕੀਤੀ ਜਦੋਂ ਕਿ ਮੁਸਲਮਾਨ ਦੇਸ਼ਾਂ 'ਚ ਸ਼ੁੱਕਰਵਾਰ ਦੀ ਛੁੱਟੀ ਕੀਤੀ ਜਾਂਦੀ ਹੈ। ਇਸਾਈਆਂ ਨੇ ਤਾਂ ਬਾਈਬਲ ਅਨੁਸਾਰ ਸ੍ਰਿਸ਼ਟੀ ਸਾਜਣ ਦੀ ਤਰੀਕ ਵੀ ਈਸਾ ਤੋਂ 4004 ਸਾਲ ਪਹਿਲਾਂ ਦੀ ਮਿੱਥ ਦਿੱਤੀ। ਹਿੰਦੂ ਧਰਮ ਅਨੁਸਾਰ ਰੱਬ (ਵਿਸ਼ਨੂੰ) ਸ਼ੇਸ਼ਨਾਗ ਦੀ ਸੇਜ 'ਤੇ ਆਰਾਮ ਫਰਮਾ ਰਹੇ ਸਨ। ਉਨ੍ਹਾਂ ਦੀ ਪਤਨੀ ਲਕਸ਼ਮੀ ਉਨ੍ਹਾਂ ਦੇ ਪੈਰ ਘੁੱਟ ਰਹੀ ਸੀ। ਵਿਸ਼ਨੂੰ ਨੇ ਆਪਣੀ ਨਾਭੀ 'ਚੋਂ ਬ੍ਰਹਮਾ ਪੈਦਾ ਕੀਤਾ (ਲਕਸ਼ਮੀ ਤੋਂ ਪੈਦਾ ਕਰਨ ਦੀ ਲੋੜ ਨਹੀਂ ਸਮਝੀ)। ਬ੍ਰਹਮਾ ਨੇ ਹੀ ਚਾਰ ਵੇਦਾਂ ਅਨੁਸਾਰ ਸ੍ਰਿਸ਼ਟੀ ਸਾਜੀ। ਉਂਜ ਚਾਰਾਂ ਵੇਦਾਂ 'ਚ ਅਜਿਹੀ ਕੋਈ ਗੱਲ ਲਿਖੀ ਨਹੀਂ ਮਿਲਦੀ। ਜਿਸ 'ਚ ਸ੍ਰਿਸ਼ਟੀ ਸਾਜਣ ਦੀ ਗੱਲ ਕਹੀ ਗਈ ਹੋਵੇ। ਇਹ ਤੁੱਕਾ ਅਜੇ ਤੱਕ ਚੱਲਦਾ ਆ ਰਿਹਾ ਹੈ ਅਤੇ ਲੋਕ ਬਿਨਾਂ ਕਿੰਤੂ ਪਰੰਤੂ ਕੀਤਿਆਂ ਹੀ ਮੰਨੀ ਜਾ ਰਹੇ ਹਨ। ਧੰਨ ਮਹਾਰਾਜ,

ਧੰਨ ਮਹਾਰਾਜ ਕਰੀ ਜਾ ਰਹੇ ਹਨ।ਸਾਰੇ ਧਰਮਾਂ ਵਿੱਚ ਹੀ ਜਿਵੇਂ ਜਿਵੇਂ ਵਿਹਲੜ ਪੁਜਾਰੀ ਵਰਗ ਵੱਧਦਾ ਗਿਆ ਉਹ ਆਪੋ-ਆਪਣੇ ਢੰਗ ਨਾਲ ਰੱਬ ਦੀ ਵਿਆਖਿਆ ਕਰਨ ਲੱਗਾ ਅਤੇ ਅਜੇ ਤੱਕ ਕਰੀ ਜਾ ਰਿਹਾ ਹੈ। ਇਸ ਤਕਰਾਰ 'ਚ ਹੀ ਭਿਆਨਕ ਲੜਾਈਆਂ ਹੋਣ ਲੱਗੀਆਂ ਅਤੇ ਮਨੁੱਖਤਾ ਦਾ ਲਹੂ ਵਹਿਣ ਲੱਗਾ। ਜਿੰਨਾ ਖ਼ੂਨ ਇਨ੍ਹਾਂ ਧਾਰਮਿਕ ਜਨੂੰਨ ਨੇ ਵਹਾਇਆ ਹੈ ਉਨਾਂ ਕੁੱਲ ਕੁਦਰਤੀ ਆਫਤਾਂ ਐਟਮ ਬੰਬ ਹਮਲੇ, ਗੈਸ ਲੀਕ ਹਵਾਈ, ਸੜਕ ਹਾਦਸੇ ਆਦਿ ਰਾਹੀਂ ਹੋਇਆ ਮਨੁੱਖੀ ਨੁਕਸਾਨ ਉਸ ਸਾਹਮਣੇ ਤੁੱਛ ਹੈ।

ਆਦਿ ਮਨੁੱਖੀ ਸਮਾਜ ਛੋਟੇ ਛੋਟੇ ਕਬੀਲਿਆਂ ਵਿੱਚ ਵੰਡਿਆ ਹੋਇਆ ਸੀ। ਅਸੱਭਿਆ ਮਨੁੱਖ ਵਿੱਚ ਕਬੀਲੇ ਦੇ ਮੋਢੀ ਲਈ ਡਰ ਅਤੇ ਆਦਰ ਸੀ ਅਤੇ ਮੌਤ ਤੋਂ ਬਾਅਦ ਵਾਲਾ ਭੈਅ ਸੀ। ਉਨ੍ਹਾਂ ਜ਼ਜ਼ਬਿਆਂ ਨੇ ਸੁਪਨਿਆਂ ਅਤੇ ਕਲਪਨਾਵਾਂ ਨਾਲ ਆਦਿ ਮਨੁੱਖ ਦੇ ਵਿਸ਼ਵਾਸ਼ ਕਾਰਨ ਧਰਮ ਦਾ ਰੂਪ ਧਾਰਨ ਕੀਤਾ। ਪਸ਼ੂਆਂ ਦੇ ਜ਼ਿਆਦਾ ਨੇੜਲੇ ਹੋਣ ਕਾਰਨ ਆਦਿ ਮਨੁੱਖ ਨੇ ਪਸ਼ੂ ਦੇਵਤਿਆਂ ਦੀ ਵੀ ਕਲਪਨਾ ਕੀਤੀ। ਉਹ ਕਾਰਨ ਅਤੇ ਕਾਰਜ ਦਾ ਸਬੰਧ ਸਥਾਪਿਤ ਕਰਨ 'ਚ ਹੁਸ਼ਿਆਰ ਨਹੀਂ ਸੀ। ਇਸੇ ਕਾਰਨ ਟੂਣੇ-ਟੋਟਕਿਆਂ ਵਿੱਚ ਵਿਸ਼ਵਾਸ ਕਰਨ ਲੱਗ ਪਿਆ। ਅਸਲ 'ਚ ਟੂਣਾ ਟੋਟਕਾ, ਪੂਜਾ ਅਸੱਭਿਆ ਲੋਕਾਂ ਦਾ ਵਿਗਿਆਨ ਹੈ। ਆਦਿ ਮਨੁੱਖ ਨੂੰ ਮਹਾਂਮਾਰੀ (ਭਿਆਨਕ ਰੋਗਾਂ) ਅਤੇ ਮੌਤ ਦੇ ਡਰ ਕਾਰਨ ਬੜੀ ਬੇਚੈਨੀ ਰਹਿੰਦੀ ਸੀ। ਇਸੇ ਬੇਚੈਨੀ 'ਚੋਂ ਹੀ ਅਰਦਾਸ ਦਾ ਜਨਮ ਹੋਇਆ। ਇਸੇ ਡਰ ਅਤੇ ਕਲਪਨਾ 'ਚੋਂ ਮਨੁੱਖ ਨੇ ਜਾਦੂ, ਟੂਣੇ ਅਤੇ ਛੋਟੇ ਮੋਟੇ ਰੋਗਾਂ ਦਾ ਇਲਾਜ ਕਰਨ ਦੀ ਰੀਤ ਤੋਰੀ। ਇੱਥੋਂ ਅੱਗੇ ਕਾਫੀ ਸਮੇਂ ਬਾਅਦ ਇਨ੍ਹਾਂ ਲੋਕਾਂ ਨੇ ਵੱਖ-ਵੱਖ ਦੇਵਤਿਆਂ ਦੀ ਕਾਢ ਕੱਢੀ। ਜਦ ਤਿੰਨ ਹਜ਼ਾਰ ਕੁ ਸਾਲ ਪਹਿਲਾਂ ਮਨੁੱਖੀ ਮਨ ਹੋਰ ਵਿਕਸਤ ਹੋਇਆ ਅਤੇ ਇਨ੍ਹਾਂ ਕਲਪਿਤ ਦੇਵਤਿਆਂ 'ਤੇ ਸ਼ੰਕਾ ਕਰਨ ਲੱਗਿਆ ਤਾਂ ਰੱਬ ਦੀ ਕਾਢ ਕੱਢੀ ਗਈ। ਇਹ ਕਿਹਾ ਗਿਆ ਕਿ ਰੱਬ ਸਭ ਦੇਵਤਿਆਂ ਤੋਂ ਉੱਪਰ ਹੈ। ਰੱਬ ਬਾਰੇ ਵੱਖ-ਵੱਖ ਧਰਮਾਂ ਦੀਆਂ ਵੱਖੋ-ਵੱਖ ਕਲਪਨਾਵਾਂ ਹਨ। ਇਹ ਸਿਲਸਿਲਾ ਅਜੇ ਤੱਕ ਜਾਰੀ ਹੈ ਅਤੇ ਨਿੱਤ ਨਵੇਂ ਰੱਬ ਪੈਦਾ ਕਰਕੇ ਲੋਕਾਂ ਦੇ ਅਗਿਆਨ ਦਾ ਫਾਇਦਾ ਉਠਾ ਕੇ ਉਨ੍ਹਾਂ ਦੀ ਕਿਰਤ ਲੁੱਟੀ ਜਾ ਰਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰੱਬ ਨੂੰ ਮਨੁੱਖ ਨੇ ਹੀ ਪੈਦਾ ਕੀਤਾ ਹੈ ਅਤੇ ਇਸ ਦਾ ਖਾਤਮਾ ਵੀ ਮਨੁੱਖ ਨੇ ਹੀ ਕਰਨਾ ਹੈ। ਜਿੰਨੀ ਛੇਤੀ ਇਸ ਭਰਮ ਦਾ ਖਾਤਮਾ ਹੋ ਜਾਵੇਗਾ, ਉਨੀ ਛੇਤੀ ਹੀ ਮਨੁੱਖ ਦੀਆਂ ਤਕਲੀਫਾਂ ਦੂਰ ਹੋ ਜਾਣਗੀਆਂ ਅਤੇ ਮਨੁੱਖ ਝੂਠ ਨੂੰ ਛੱਡ ਕੇ ਸੱਚ ਦਾ ਸਾਹਮਣਾ ਕਰ ਸਕੇਗਾ। ਵਿਗਿਆਨ ਤੇ ਤਰੱਕੀ ਦੇ ਰਾਹ ਵਿੱਚ ਇਸ ਸਮੇਂ ਧਰਮ ਅਤੇ ਰੱਬ ਹੀ ਸਭ ਤੋਂ ਵੱਡਾ ਰੋੜਾ ਹੈ।

## ਧਰਮ ਦੀਆਂ ਵਹਿਸ਼ੀ ਕਾਰਵਾਈਆਂ

ਹਜ਼ਾਰਾਂ ਸਾਲ ਲੋਕ ਆਪਣੇ ਦੇਵੀ-ਦੇਵਤਿਆਂ ਉੱਪਰ ਹੈਰਾਨ ਅਤੇ ਕੁਰਬਾਨ ਹੁੰਦੇ ਰਹੇ। ਬਲੀਦਾਨ ਕਰਕੇ ਆਪਣੀ ਜੀਵਨ ਲੀਲਾ ਸਮਾਪਤ ਕਰਦੇ ਰਹੇ। ਮਨੁੱਖ ਇੱਕ ਦੂਜੇ ਨਾਲ ਪਿਆਰ ਕਰਦੇ ਸਨ ਪਰ ਜਾਤੀਆਂ ਇੱਕ ਦੂਜੇ ਨਾਲ ਯੁੱਧ ਕਰਦੀਆਂ

ਰਹਿੰਦੀਆਂ ਸਨ। ਪ੍ਰੋਹਿਤਾਂ ਅਤੇ ਪੁਜਾਰੀਆਂ ਨੇ ਇਨ੍ਹਾਂ ਸਮਿਆਂ ਵਿੱਚ ਵਰ੍ਹੇ ਸਾਰਣੀਆਂ ਅਤੇ ਮਨੁੱਖ ਘਾਤ ਦੇ ਨੇਮਾਂ, ਉਪਨੇਮਾਂ ਨੂੰ ਹੋਰ ਵੀ ਔਖੇ ਬਣਾ ਦਿੱਤਾ। ਇਨ੍ਹਾਂ ਜਾਤੀ ਲੜਾਈਆਂ 'ਚੋਂ ਹੌਲੀ-ਹੌਲੀ ਨਿੱਕੇ ਨਿੱਕੇ ਰਾਜ ਹੋਂਦ 'ਚ ਆ ਗਏ। ਰਾਜਿਆਂ ਅਤੇ ਪ੍ਰੋਹਿਤਾਂ ਦੀ ਆਪਸੀ ਸਾਂਝ ਵੱਧਣ ਲੱਗੀ ਜੋ ਅੱਜ ਵੀ ਜਾਰੀ ਹੈ।

ਮਿਸਰ ਵਿੱਚ ਆਕਾਸ਼ੀ ਨਛੱਤਰਾਂ ਨੂੰ ਵਾਚ ਕੇ ਸ਼ੁੱਭ ਆਰੰਭ ਦੱਸਿਆ ਜਾਣ ਲੱਗਿਆ (ਜੋ ਜੋਤਿਸ਼ ਦੀ ਸ਼ੁਰੂਆਤ ਸੀ)। ਲਗਪਗ ਸਾਢੇ ਤਿੰਨ ਹਜ਼ਾਰ ਸਾਲ ਪਹਿਲਾਂ ਸੰਸਕ੍ਰਿਤ ਭਾਸ਼ਾ ਬੋਲਣ ਵਾਲੀਆਂ ਆਰੀਅਨ ਕੌਮਾਂ ਮੱਧ ਏਸ਼ੀਆ 'ਚੋਂ ਆਸੇ ਪਾਸੇ ਜਰਮਨੀ, ਇਰਾਨ, ਇਰਾਕ, ਰੂਸ ਅਤੇ ਭਾਰਤ ਆਦਿ 'ਚ ਖਿੰਡ ਗਈਆਂ। ਲੜਾਕੀਆਂ ਆਰੀਅਨ ਕੌਮਾਂ ਨੇ ਪ੍ਰਾਚੀਨ ਉੱਨਤ ਸੱਭਿਆਤਾਵਾਂ ਨੂੰ ਤਹਿਸ ਨਹਿਸ ਕਰ ਦਿੱਤਾ। ਉਨ੍ਹਾਂ ਉੱਪਰ ਯੱਗ ਪੂਜਾ ਆਦਿ ਦੇ ਨਿਯਮ ਥੋਪੇ। ਯਹੂਦੀ ਕੌਮ ਤਿੰਨ ਹਜ਼ਾਰ ਸਾਲ ਪਹਿਲਾਂ ਯੇਰੋਸ਼ਲਮ 'ਚ ਆ ਵਸੀ। ਇਸ ਨਾਮੀ ਜਾਤੀ ਹਿਬਰੂ ਦਾ ਮਿਸਰ, ਸੀਰੀਆ ਆਦਿ ਰਾਜਾਂ ਨਾਲ ਗੂੜਾ ਸਬੰਧ ਸੀ। ਹਿਬਰੂ ਦੀ ਅੰਜ਼ੀਲ ਇਨ੍ਹਾਂ ਦਾ ਲਿਖਤੀ ਸਾਹਿਤ ਅਤੇ ਪਵਿੱਤਰ ਗ੍ਰੰਥ ਹੈ। ਅੰਜ਼ੀਲ ਨੇ ਯਹੂਦੀਆਂ ਵਿੱਚ ਬਹੁਤ ਜ਼ਿਆਦਾ ਉਤਸ਼ਾਹ ਭਰਿਆ। ਅੰਜ਼ੀਲ ਵਿੱਚ ਉਸ ਸਮੇਂ ਮੁਤਾਬਿਕ ਉਤਸ਼ਾਹ ਵਧਾਊ ਅਤੇ ਜੀਵਨ ਦੇਣ ਵਾਲੇ ਵਿਚਾਰ ਸਨ। ਢਾਈ ਹਜ਼ਾਰ ਸਾਲ ਦੁੱਖ ਭੋਗਦਿਆਂ ਵੀ ਯਹੂਦੀਆਂ ਨੇ ਇਨ੍ਹਾਂ ਵਿਚਾਰਾਂ ਨੂੰ ਨਹੀਂ ਛੱਡਿਆ। ਤਕਰੀਬਨ 2800 ਤੋਂ 3000 ਸਾਲ ਪਹਿਲਾਂ ਈਸ਼ਵਰ ਦੀ ਅਦ੍ਰਿਸ਼ਟਤਾ ਅਤੇ ਉਸ ਦਾ ਨਿਵਾਸ ਸਥਾਨ ਕਿਤੇ ਦੂਰ ਦੁਰਾਡੇ ਹੋਣ ਦੀ ਕਲਪਨਾ ਸਭ ਤੋਂ ਪਹਿਲਾਂ ਯਹੂਦੀਆਂ ਨੇ ਕੀਤੀ। ਉਹ ਰੱਬ, ਪ੍ਰਮੇਸ਼ਵਰ ਨੂੰ ਬਹੁਤ ਦਿਆਲੂ ਮੰਨਦੇ ਸਨ।

ਅੰਜ਼ੀਲ ਪੜ੍ਹਣ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਵੀ ਪੈਗੰਬਰ ਅਖਵਾਉਣ ਵਾਲੀ ਹਸਤੀ ਪੈਦਾ ਹੋ ਚੁੱਕੀ ਸੀ। ਪੈਗੰਬਰ ਅਮੋਸ (ਮੂਸਾ) ਆਜੜੀਆਂ ਦੀ ਕੌਮ ਦਾ ਹੋਣ ਕਾਰਨ ਬੱਕਰੀਆਂ ਚਾਰਦਾ ਸੀ ਅਤੇ ਬੱਕਰੀਆਂ ਦੀ ਖੱਲ ਪਹਿਨਦਾ ਸੀ। ਦੇਵਤਿਆਂ ਦੀ ਵਿਰੋਧਤਾ ਕਰਨ ਕਰਕੇ 400 ਈਸਾ ਪੂਰਵ ਸੁਕਰਾਤ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਸੁਕਰਾਤ ਦਾ ਚੇਲਾ ਪਲੈਟੋ (ਅਫਲਾਤੂਨ) ਅਤੇ ਅਗਾਂਹ ਪਲੈਟੋ ਦਾ ਚੇਲਾ ਅਰਸਤੂ (ਸਿਕੰਦਰ ਮਹਾਨ ਦਾ ਗੁਰੂ) ਵੀ ਦੇਵਤਾਵਾਦ ਦੇ ਵਿਰੁੱਧ ਸਨ। 324 ਈਸਵੀ ਪੂਰਵ ਸਿਕੰਦਰ ਭਾਰਤ 'ਤੇ ਹਮਲੇ ਸਮੇਂ ਇੱਕ ਈਸ਼ਵਰ ਦਾ ਸਿਧਾਂਤ ਲੈ ਕੇ ਹੀ ਆਇਆ ਸੀ। ਭਾਰਤ 'ਚੋਂ ਵਾਪਸ ਜਾਂਦੇ ਸਮੇਂ ਉਹ 32 ਸਾਲ ਦੀ ਉਮਰ 'ਚ ਮਲੇਰੀਆ ਬੁਖਾਰ ਨਾਲ ਮਰ ਗਿਆ ਅਤੇ ਸਾਰੀ ਦੁਨੀਆਂ 'ਤੇ ਰਾਜ ਕਰਨ ਦੀ ਉਸ ਦੀ ਇੱਛਾ ਅਧੂਰੀ ਹੀ ਰਹਿ ਗਈ। ਸਿਕੰਦਰ ਨੇ ਅਰਸਤੂ ਦੀਆ ਖੋਜਾਂ ਚਾਲੂ ਰੱਖਣ ਲਈ ਆਰਥਿਕ ਸਹਾਇਤਾ ਦਿੱਤੀ। ਇਸ ਤਰ੍ਹਾਂ ਰੱਬ ਦੀ ਖੋਜ ਅਤੇ ਵਿਗਿਆਨਕ ਖੋਜਾਂ ਦਾ ਕੰਮ ਨਾਲੋ ਨਾਲ ਚੱਲਦਾ ਰਿਹਾ।

## ਕਾਰਨ ਅਤੇ ਕਾਰਜ ਦਾ ਨਿਯਮ

ਕਰੀਬ ਸਾਢੇ ਤਿੰਨ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਆਰੀਅਨ ਕੌਮਾਂ ਮੱਧ ਏਸ਼ੀਆ ’ਚੋਂ ਭਾਰਤ (ਪੰਜਾਬ) ਆਈਆਂ ਅਤੇ ਇੱਥੇ ਆ ਕੇ ਉਨ੍ਹਾਂ ਜਾਤਾਂ ’ਤੇ ਆਧਾਰਿਤ ਸਮਾਜ ਕਾਇਮ ਕੀਤਾ। ਈਸਾ ਮਸੀਹ ਤੋਂ 600 ਸਾਲ ਪਹਿਲਾਂ ਜਦ ਹਜ਼ਰਤ ਮੂਸਾ ਯਹੂਦੀਆਂ ਨੂੰ ਆਪਣੀਆਂ ਭਵਿੱਖਬਾਣੀਆਂ ਸੁਣਾ ਰਹੇ ਸਨ ਤਾਂ ਉਸ ਸਮੇਂ ਹੈਰਾਕਲੀਟਸ ਨਾਂਅ ਦਾ ਵਿਦਵਾਨ ਵਸਤੂਆਂ ਦੇ ਸੁਭਾਅ ਅਤੇ ਅਸਲੀਅਤ ਬਾਰੇ ਕਲਪਨਿਕ ਖੋਜਾਂ ਕਰ ਰਿਹਾ ਸੀ। ਉਦੋਂ ਹੀ ਭਾਰਤ ’ਚ ਗੌਤਮ ਬੁੱਧ ਬਨਾਰਸ ’ਚ ਆਪਣੇ ਨਿਰਵਾਣ ਪਦ ਬਾਰੇ ਵਿਖਿਆਨ ਕਰ ਰਹੇ ਸਨ। ਸਮੁੱਚੀ ਮਨੁੱਖਤਾ ਆਪਣੇ 2000 ਸਾਲ ਦੇ ਬਚਪਨੇ ਨੂੰ ਲੰਘ ਕੇ ਜਵਾਨੀ ’ਚ ਪੈਰ ਧਰ ਰਹੀ ਸੀ। ਭਾਰਤ ਵਿਚਲੇ ਦਰਾਵਿੜ, ਜਿਹਨਾਂ ਦੀ ਸੱਭਿਅਤਾ ਬਹੁਤ ਅਮੀਰ ਸੀ, ਮਾਨਸਿਕ ਬਲ ਦੀ ਘਾਟ ਕਾਰਨ ਬਾਹਰੋਂ ਆਈ ਸੰਸਕ੍ਰਿਤ ਬੋਲਣ ਵਾਲੀ ਆਰੀਅਨ ਕੌਮ ਨਾਲ ਘੁਲ ਮਿਲ ਨਹੀਂ ਸਕੇ ਸਨ। ਆਰੀਅਨਾਂ ਨੇ ਕਮਜ਼ੋਰ ਦਰਾਵਿੜਾਂ ਨੂੰ ਗੁਲਾਮ ਬਣਾ ਕੇ ਆਰੀਅਨ ਬ੍ਰਹਿਮਣਾਂ ਰਾਹੀਂ ਉਨ੍ਹਾਂ ਨੂੰ ਸ਼ੂਦਰ ਦਾ ਦਰਜਾ ਦਿੱਤਾ ਅਤੇ ਉਨ੍ਹਾਂ ਦੇ ਸਾਰੇ ਹੱਕ ਖਤਮ ਕਰ ਦਿੱਤੇ। ਇਸੇ ਸਮੇਂ ਗੌਤਮ ਬੁੱਧ ਲਿਤਾੜੇ ਲੋਕਾਂ ਲਈ ਆਸ ਦੀ ਇੱਕ ਕਿਰਨ ਬਣ ਕੇ ਉੱਭਰੇ। ਗੌਤਮ ਨੇ ਸਪੱਸ਼ਟ ਕਿਹਾ ਕਿ ਰੱਬ ਹੋਣ ਦਾ ਕੋਈ ਸਬੂਤ ਨਹੀਂ। ਵੇਦ ਰੱਬੀ ਗ੍ਰੰਥ ਨਹੀਂ। ਉਨ੍ਹਾਂ ਕਿਹਾ ਕਿ ਕਿਸੇ ਚੀਜ਼ ਨੂੰ ਸਿਰਫ ਇਸ ਲਈ ਹੀ ਨਾ ਮੰਨੋ ਕਿ ਇਹ ਫਲਾਣੇ ਗ੍ਰੰਥ ’ਚ ਲਿਖੀ ਹੈ ਜਾਂ ਫਲਾਣੇ ਦੇਵ ਪੁਰਸ਼ ਨੇ ਕਹੀ ਹੈ। ਉਨ੍ਹਾ ਕਿਹਾ ਕਿ ਆਪਣੀਆਂ ਇੱਛਾਵਾਂ ’ਤੇ ਕਾਬੂ ਪਾ ਕੇ ਦੁੱਖਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ ਅਤੇ ਨਿਰਵਾਣ ਪਦ ਪ੍ਰਾਪਤ ਕੀਤਾ ਜਾ ਸਕਦਾ ਹੈ। ਗੌਤਮ ਬੁੱਧ ਨੇ ਕਿਹਾ ਕਿ ਕਾਰਨ ਅਤੇ ਕਾਰਜ ਦਾ ਨਿਯਮ ਅਟੱਲ ਹੈ। ਕਾਰਨ ਤੋਂ ਬਿਨਾਂ ਕੋਈ ਕਾਰਜ ਨਹੀਂ ਹੋ ਸਕਦਾ। ਜੇ ਰੱਬ ਹੈ ਤਾਂ ਉਸ ਦਾ ਕੋਈ ਕਾਰਨ ਜ਼ਰੂਰ ਹੋਵੇਗਾ ਕਿ ਉਹ ਕਿਉਂ ਹੈ? ਜੇ ਕੋਈ ਕਾਰਨ ਹੀ ਨਹੀਂ ਤਾਂ ਫਿਰ ਰੱਬ ਦੇ ਹੋਣ ਦਾ ਵੀ ਕੋਈ ਮਤਲਬ ਨਹੀਂ।

ਯਹੂਦੀ ਰੱਬ ਦੇ ਭੈਅ ਕਾਰਨ ਸੱਚੇ ਮਾਰਗ ’ਤੇ ਚੱਲਣ ਦਾ ਉਪਦੇਸ਼ ਦੇ ਰਹੇ ਸਨ। ਪਰ ਗੌਤਮ ਬੁੱਧ ਦੇ ਉਪਦੇਸ਼ ’ਚ ਕਿਸੇ ਕਿਸਮ ਦਾ ਕੋਈ ਡਰ ਨਹੀਂ ਸੀ। ਬੁੱਧ ਦੀ ਮੌਤ ਤੋਂ ਬਾਅਦ ਉਨ੍ਹਾਂ ਨਾਲ ਕਈ ਕਰਾਮਾਤਾਂ ਜੋੜ ਦਿੱਤੀਆਂ ਗਈਆਂ। ਜਿਵੇਂ ਕਿ ਅਕਸਰ ਹੀ ਹੁੰਦਾ ਹੈ। ਪੁਜਾਰੀ ਵਰਗ ਨੂੰ ਕਿਸੇ ਮਹਾਂਪੁਰਖ ਦੀ ਸਿੱਖਿਆ ਨਾਲੋਂ ਉਸ ਦੀਆਂ ਕਰਾਮਾਤਾਂ ਦੀ ਵੱਧ ਜ਼ਰੂਰਤ ਹੁੰਦੀ ਹੈ ਅਤੇ ਕਰਾਮਾਤਾਂ ਸਦਕਾ ਹੀ ਲੋਕ ਦਾਨ ਭੇਂਟ ਕਰਦੇ ਹਨ। ਬੁੱਧ ਵੱਲੋਂ ਬ੍ਰਹਿਮਣਵਾਦ ਨੂੰ ਵੱਜੀ ਤਕੜੀ ਸੱਟ ਕਾਰਨ ਬ੍ਰਹਿਮਣ ਖੁਦ ਬੁੱਧ ਦੇ ਭ੍ਰਿਕਸ਼ੂ ਬਣ ਗਏ। ਇੱਕ ਸਾਜਿਸ਼ ਤਹਿਤ ਉਨ੍ਹਾਂ ਬੁੱਧ ਨੂੰ ਵਿਸ਼ਨੂੰ ਦਾ ਨੌਵਾਂ ਅਵਤਾਰ ਐਲਾਨ ਕਰ ਦਿੱਤਾ। ਅੰਦਰੋਂ ਅਤੇ ਬਾਹਰੋਂ ਦੂਹਰੇ ਹਮਲਿਆਂ ਕਾਰਨ ਆਦਿ ਸ਼ੰਕਰਾਚਾਰੀਆ ਦੀ ਅਗਵਾਈ ਹੇਠ ਕੀਤੇ ਕਤਲੇਆਮ ਨੇ ਬੁੱਧ ਧਰਮ ਨੂੰ ਭਾਰਤ ’ਚੋਂ ਬਾਹਰ ਧੱਕ ਦਿੱਤਾ। ਦੋ ਹਜ਼ਾਰ ਸਾਲ ਪਹਿਲਾਂ ਈਸਾ ਮਸੀਹ ਨੇ ਕਿਹਾ ਕਿ ਪ੍ਰਮਾਤਮਾ ਸਭ ਦਾ ਸਾਂਝਾ ਪਿਤਾ ਹੈ ਅਤੇ ਮੈਂ ਉਸ ਦਾ ਆਖਰੀ ਪੈਗੰਬਰ ਹਾਂ। ਉਸ ਨੇ ਕਿਹਾ ਕਿ ਉੱਠ ਸੂਈ ਦੇ ਨੱਕੇ ’ਚੋਂ ਭਾਵੇਂ ਲੰਘ ਜਾਵੇ ਪਰ ਅਮੀਰ ਬੰਦਾ ਸੁਰਗ

’ਚ ਦਾਖਲ ਨਹੀਂ ਹੋ ਸਕਦਾ। ਯੇਰੋਸ਼ਲਮ ’ਚ ਉਸ ਉੱਪਰ ਬਗਾਵਤ ਦਾ ਮੁਕੱਦਮਾ ਚੱਲਿਆ ਅਤੇ ਦੋ ਚੋਰਾਂ ਨਾਲ ਉਸ ਨੂੰ ਸਲੀਬ ’ਤੇ ਲਟਕਾ ਦਿੱਤਾ ਗਿਆ। ਯਸ਼ੂ ਮਸੀਹ ਨੇ ਚੋਰਾਂ ਤੋਂ ਪਹਿਲਾਂ ਹੀ ਆਪਣੇ ਪ੍ਰਾਣ ਤਿਆਗ ਦਿੱਤੇ। ਇਸਾਈ ਮੱਤ ਦੇ ਸਿਧਾਂਤ ਬਣਾਉਣ ਵਾਲਿਆਂ ’ਚ ਸੇਂਟ ਪਾਲ ਪ੍ਰਮੁੱਖ ਸਨ।

## ਧਰਮਾਂ ’ਚੋਂ ਧਰਮਾਂ ਦਾ ਵਿਕਾਸ

ਬਾਈਬਲ ’ਚ ਲਿਖਿਆ ਹੈ ਕਿ ਰੱਬ ਨੇ ਸ੍ਰਿਸ਼ਟੀ ਈਸਾ ਤੋਂ 4004 ਸਾਲ ਪਹਿਲਾਂ ਸਾਜੀ। ਈਸਾ ਤੋਂ ਪੌਣੇ 600 ਸੌ ਸਾਲ ਬਾਅਦ 20 ਅਪਰੈਲ 571 ਈਸਵੀ ਨੂੰ ਸਾਊਦੀ ਅਰਬ ਦੇ ਮੱਕਾ ਸ਼ਹਿਰ ’ਚ ਹਜ਼ਰਤ ਮੁਹੰਮਦ ਦਾ ਜਨਮ ਹੋਇਆ। ਉਸ ਦਾ ਬਚਪਨ ਬੱਕਰੀਆਂ ਚਾਰਨ ’ਚ ਬਤੀਤ ਹੋਇਆ। 20 ਸਾਲ ਦੀ ਉਮਰ ’ਚ ਉਸ ਨੇ ਮੱਕੇ ਦੀ ਇੱਕ ਅਮੀਰ ਔਰਤ ਵਿਧਵਾ ਖਦੀਜਾ ਕੋਲ ਨੌਕਰੀ ਕਰ ਲਈ ਅਤੇ ਵਪਾਰ ਕਰਨ ਲੱਗਾ। 40 ਸਾਲ ਦੀ ਉਮਰ ’ਚ ਉਸ ਨੇ ਉਸ ਨਾਲ ਹੀ ਵਿਆਹ ਕਰਵਾ ਲਿਆ। ਉਸ ਦੇ ਦੋ ਬੇਟੇ ਅਤੇ ਚਾਰ ਬੇਟੀਆਂ ਹੋਈਆਂ। ਦੂਸਰੇ ਵਿਆਹਾਂ ’ਚ ਉਸ ਦੇ ਤਿੰਨ ਬੱਚੇ ਹੋਰ ਹੋਏ ਪਰ ਉਸ ਦੀ ਪੁੱਤਰੀ ਫਾਤਮਾ ਹੀ ਔਲਾਦ ਵਾਲੀ ਹੋਈ। ਬਾਕੀ ਬੱਚੇ ਮਰ ਗਏ। ਉਨ੍ਹਾਂ ਕੁੱਲ 11 ਵਿਆਹ ਕੀਤੇ। ਜਿਨ੍ਹਾਂ ’ਚ 9 ਵਿਧਵਾਵਾਂ ਇੱਕ ਤਲਾਕਸ਼ੁਦਾ ਇੱਕ 9 ਸਾਲਾਂ ਆਈਸ਼ਾ ਸ਼ਾਮਿਲ ਹਨ। ਉਨ੍ਹਾਂ ਅਨੇਕਾਂ ਲੜਾਈਆਂ ਲੜੀਆਂ। 622 ਈਸਵੀ ’ਚ ਉਨ੍ਹਾਂ ਨੂੰ ਮੱਕੇ ਤੋਂ ਭੱਜ ਕੇ ਮਦੀਨੇ ਜਾਣਾ ਪਿਆ। ਜਿਸ ਤੋਂ ਸਨ ਹਿਜਰੀ (ਜੁਦਾਈ) ਸ਼ੁਰੂ ਹੋਇਆ। 632 ਈਸਵੀ 8 ਜੂਨ ਨੂੰ ਬੁਖਾਰ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦੀ ਮੌਤੇ ਸਮੇਂ ਉਨ੍ਹਾਂ ਦੀਆਂ ਨੌਂ ਵਿਆਹੁਤਾ ਇਸਤਰੀਆਂ ਅਤੇ 2 ਦਾਸੀਆਂ ਜਿਉਂਦੀਆਂ ਸਨ। (ਵੇਰਵਾ: ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਸਫਾ 980) ਅਸਲ ’ਚ ਇਸਲਾਮ ਧਰਮ ਦਾ ਅਸਲ ਬਾਨੀ ਹਜ਼ਰਤ ਮੁਹੰਮਦ ਖੁਦ ਨਹੀਂ ਸਗੋਂ ਉਸ ਦਾ ਦੋਸਤ ਅਬੂ ਬੱਕਰ ਸੀ। ਉਸ ਨੇ ਹਜ਼ਰਤ ਮੁਹੰਮਦ ਦੀ ਮੌਤ ਪਿੱਛੋਂ ਬੜੀ ਸੰਜੀਦਗੀ ਨਾਲ ਸਿਰਫ ਤਿੰਨ ਕੁ ਹਜ਼ਾਰ ਅਰਬ ਫੌਜਾਂ ਦੀ ਸਹਾਇਤਾ ਨਾਲ ਇਸਲਾਮ ਧਰਮ ਦਾ ਪ੍ਰਸਾਰ ਕੀਤਾ। ਇਬਰਾਨੀ ਪੈਗੰਬਰਾਂ, ਉਨ੍ਹਾਂ ਦੇ ਚੇਲਿਆਂ ਅਤੇ ਮੰਹੰਮਦ ਨੇ ਆਦਮੀ ਦੀ ਵਿਅਕਤੀਗਤ ਆਤਮਾ ਹੋਣ ’ਤੇ ਜ਼ੋਰ ਦਿੱਤਾ। ਉਨ੍ਹਾਂ ਆਦਮੀ ਦੀ ਜ਼ਮੀਰ (ਆਤਮਾ) ਅਤੇ ਪ੍ਰਮਾਤਮਾ (ਅੱਲ੍ਹਾ) ਨੂੰ ਇੱਕ ਦੂਜੇ ਦੇ ਸਾਹਮਣੇ ਕਰ ਦਿੱਤਾ। ਇਸ ਤੋਂ ਪੁਰਾਣਾ ਧਰਮ ਜਾਦੂ, ਟੂਣੇ, ਮੰਦਰ, ਪੁਜਾਰੀ ਅਤੇ ਕੁਰਬਾਨੀਆਂ ਦੇ ਜ਼ੋਰ ’ਤੇ ਮਨੁੱਖ ਨੂੰ ਡਰਾ ਕੇ ਗੁਲਾਮ ਬਣਾਉਂਦਾ ਸੀ। ਗਿਆਰਵੀਂ ਸਦੀ ਦੇ ਸ਼ੁਰੂ ਵਿੱਚ ਇਸਾਈ ਧਰਮ ਵਿੱਚ ਮਾਇਆ ਦੇ ਅੰਬਾਰ ਲੱਗ ਗਏ। ਬੇਔਲਾਦ ਲੋਕ ਆਪਣੀ ਜਾਇਦਾਦ ਗਿਰਜਿਆਂ ਦੇ ਨਾਂਅ ਲੁਆ ਜਾਂਦੇ। ਮੁਆਫੀ ਮੰਗਣ ਵਾਲੇ ਗੁਨਾਹਗਾਰਾਂ ਤੋਂ ਜ਼ਬਰਦਸਤੀ ਗਿਰਜਿਆਂ ਦੇ ਨਾਂਅ ਜ਼ਮੀਨ ਲੁਆਈ ਜਾਂਦੀ। ਇਸ ਤਰ੍ਹਾਂ ਤੇਰਵੀਂ ਸਦੀ ’ਚ ਯੂਰਪ ਦੇ ਕਿੰਨੇ ਹੀ ਦੇਸ਼ਾਂ ’ਚ ਗਿਰਜੇ ਇੱਕ ਚੌਥਾਈ ਜ਼ਮੀਨ ਦੇ ਮਾਲਕ ਬਣ ਗਏ। ਬਾਦਸ਼ਾਹ ਅਤੇ ਅਮੀਰ ਗਿਰਜਿਆਂ ਦੀ ਸ਼ਕਤੀ ਤੋਂ ਡਰਨ ਲੱਗੇ।

ਉਹ ਗਿਰਜਿਆਂ ਨੂੰ ਜ਼ਮੀਨ ਦੇਣ ਦੇ ਢੰਗ ਤਰੀਕਿਆਂ ਨੂੰ ਪਸੰਦ ਨਹੀਂ ਕਰਦੇ ਸਨ। ਇਸ ਤਰ੍ਹਾਂ ਗਿਰਜਿਆਂ ਦੇ ਪੌਪ ਅਤੇ ਰਾਜਿਆਂ ਵਿਚਕਾਰ ਝਗੜੇ ਹੋਣ ਲੱਗੇ। ਪਾਦਰੀ, ਰਾਜਿਆਂ ਨੂੰ ਕਿਸੇ ਕਿਸਮ ਦਾ ਟੈਕਸ ਨਹੀਂ ਦਿੰਦੇ ਸਨ। ਪਾਦਰੀ ਲੋਕਾਂ ਨੂੰ ਦਸਵੰਧ ਕੱਢਣ ਲਈ ਵੀ ਕਹਿੰਦੇ। ਗਿਆਰਵੀਂ ਸਦੀ 'ਚ ਪੋਪ ਅਤੇ ਰਾਜਿਆਂ ਦੇ ਝਗੜਿਆਂ 'ਚ ਹਰ ਥਾਂ ਪੋਪ ਦੀ ਜਿੱਤ ਹੋਈ। ਪੋਪ ਬਾਦਸ਼ਾਹ ਨੂੰ ਬਰਾਦਰੀ 'ਚੋਂ ਖਾਰਜ ਕਰਨ ਦਾ ਦਾਅਵਾ ਕਰਦਾ (ਜਿਵੇਂ ਸਾਡੇ ਪੰਥ 'ਚੋਂ ਖਾਰਜ ਕਰਨ ਦੇ ਹੁਕਮਨਾਮੇ ਜਰੀ ਹੁੰਦੇ ਹਨ) ਪੋਪ ਰਾਜਿਆਂ ਖਿਲਾਫ ਧਰਮ ਯੁੱਧ ਛੇੜਦੇ ਰਹੇ। 14ਵੀਂ ਸਦੀ ਤੱਕ ਹਰ ਇੱਕ ਪੋਪ, ਪੋਪ ਵਿਰੋਧੀ ਰਾਜੇ ਨੂੰ ਧਰਮ 'ਚੋਂ ਛੇਕਦਾ ਅਤੇ ਸਰਾਪ ਦਿੰਦਾ ਰਿਹਾ। ਹੌਲੀ ਹੌਲੀ ਪੋਪ ਅਤੇ ਰਾਜਿਆਂ 'ਚ ਨੇੜਤਾ ਵੱਧਣ ਲੱਗੀ। ਉਹ ਇੱਕ ਦੂਜੇ ਦੇ ਪੂਰਕ ਬਣ ਗਏ। ਪੋਪ ਨੂੰ ਖਤਰੇ ਸਮੇਂ ਰਾਜਾ ਅਤੇ ਰਾਜੇ ਨੂੰ ਖਤਰੇ ਸਮੇਂ ਪੋਪ ਉਸ ਦੀ ਪਿੱਠ 'ਤੇ ਹੁੰਦਾ। ਹੁਣ ਸਾਰੇ ਧਰਮਾਂ 'ਚ ਹੀ ਇਹ ਸਿਲਸਿਲਾ ਜਾਰੀ ਹੈ। ਧਰਮ ਅਤੇ ਰਾਜਨੀਤੀ ਘਿਓ ਖਿਚੜੀ ਹੋ ਗਏ ਹਨ। 'ਇੱਕ ਦੂਜੇ ਦੇ ਪੂਰਕ ਨੇ ਧਰਮ ਕੁਰਸੀ, ਹੁੰਦੀ ਬਾਦਲ ਤੇ ਟੌਹੜੇ ਵਿੱਚ ਜੰਗ ਬੇਲੀ। ਸਦਾ ਇੱਕ ਕੜਾਹ ਦੀ ਬੁਰਕੀ ਹੀ, ਫਾਹੇ ਅਸਾਂ ਨੂੰ ਦਿੰਦੀ ਹੈ ਟੰਗ ਬੇਲੀ'।

## ਬੰਦੇ ਦਾ ਰੱਬ ਵੀ ਬੰਦੇ ਵਰਗਾ

ਅੱਜ ਤੋਂ ਤੀਹ ਲੱਖ ਸਾਲ ਪਹਿਲਾਂ ਜਦ ਆਦਮੀ ਗਰਮ ਜਲਵਾਯੂ 'ਚ ਰੁੱਖਾਂ ਉੱਪਰ ਰਿਹਾ ਕਰਦਾ ਸੀ, ਉਦੋਂ ਤੋਂ ਲੈ ਕੇ ਅੱਜ ਤੱਕ ਉਸ ਵਿੱਚ ਜਾਨਣ ਦੀ ਇੱਛਾ (ਜਾਗਿਆਸਾ) ਬਰਕਰਾਰ ਹੈ। ਇਸੇ ਜਗਿਆਸਾ ਕਾਰਨ ਹੀ ਪੱਥਰ ਦੇ ਹਥਿਆਰ, ਅੱਗ ਦੀ ਖੋਜ ਤੋਂ ਲੈ ਕੇ ਅੱਜ ਕੰਪਿਊਟਰ ਯੁੱਗ ਤੱਕ ਸੱਭਿਅਤਾ ਦਾ ਇਹ ਸਫਰ ਜਾਰੀ ਹੈ। ਪ੍ਰਮਾਣਾਂ (ਸਬੂਤਾਂ) ਦੇ ਨਾਲ ਆਪਣੀ ਖੋਜ ਨੂੰ ਸੱਚਾ ਸਿੱਧ ਕਰਨ ਦਾ ਆਦਮੀ ਦਾ ਮੁਢਲਾ ਸੁਭਾਅ ਹੈ। ਜਦੋਂ ਕੋਈ ਗੱਲ ਸਮਝ 'ਚ ਨਹੀਂ ਆਉਂਦੀ ਸੀ ਤਾਂ ਆਦਮੀ ਝੂਠੀ ਕਲਪਨਾ ਕਰਕੇ ਤਸੱਲੀ ਕਰ ਲੈਂਦਾ। ਸਭ ਤੋਂ ਪਹਿਲਾਂ ਜੰਗਲਾਂ ਨੂੰ ਲੱਗੀ ਅੱਗ ਉਸ ਨੂੰ ਡਰਾਉਣਾ ਦੈਂਤ ਲੱਗੀ। ਜਦ ਉਸ ਨੇ ਖੁਦ ਅੱਗ ਦੀ ਖੋਜ ਕਰਕੇ ਇਯ ਨੂੰ ਵਰਤਣਾ ਸ਼ੁਰੂ ਕੀਤਾ ਤਾਂ ਉਹ ਇਸ ਨੂੰ ਦੇਵਤਾ ਕਹਿ ਕੇ ਪੂਜਣ ਲੱਢਾ। ਤੇਜ ਹਨੇਰੀ ਨੇ ਉਸ ਨੂੰ ਹਵਾ ਨੂੰ ਪਵਨ ਦੇਵਤਾ ਕਹਿ ਕੇ ਪੂਜਣ ਲਈ ਮਜਬੂਰ ਕੀਤਾ। ਜਦ ਸ੍ਰਿਸ਼ਟੀ ਰਚਨਾ ਉਸ ਦੀ ਸਮਝ ਵਿੱਚ ਨਹੀਂ ਆਈ ਤਾਂ ਉਸ ਨੇ ਰੱਬ ਦੀ ਕਲਪਨਾ ਕਰ ਲਈ। ਮੌਤ ਤੋਂ ਬਾਅਦ ਦੇ ਜੀਵਨ ਦੀ ਕਲਪਨਾ ਕਰਕੇ ਯਮਰਾਜ, ਨਰਕ, ਸਵਰਗ ਦੀ ਕਲਪਨਾ ਕਰ ਲਈ ਗਈ। ਜਦ ਕਿਸੇ ਘਰ ਨੌਜਵਾਨ ਦੀ ਮੌਤ ਹੁੰਦੀ ਹੈ ਤਾਂ ਕੋਈ ਇਸ ਦੀ ਪੜਤਾਲ ਨਹੀਂ ਕਰਦਾ ਕਿ ਕਿੰਨਾਂ ਗਲਤੀਆਂ ਕਰਕੇ ਮੌਤ ਹੋਈ। ਸ਼ਾਇਦ ਇਸ ਤਰ੍ਹਾਂ ਕਰਨ ਨਾਲ ਪਰਿਵਾਰ ਦੇ ਦੁੱਖ ਵਿੱਚ ਵਾਧਾ ਹੋ ਸਕਦਾ ਹੈ ਪਰ ਜਦੋਂ ਇਹ ਕਿਹਾ ਜਾਂਦਾ ਹੈ ਕਿ ਉਸ ਦੀ ਉਮਰ ਧੁਰੋਂ ਲਿਖੀ ਹੀ ਐਨੀ ਸੀ ਤਾਂ ਪਰਿਵਾਰ ਵਾਲੇ ਸਬਰ ਕਰ ਲੈਂਦੇ ਹਨ ਕਿ ਇਸ 'ਚ ਆਪਾਂ ਕੀ ਕਰ ਸਕਦੇ ਹਾਂ।

ਉਸ ਦਾ ਆਪਣੇ ਨਾਲ ਸਾਥ ਹੀ ਐਨਾ ਲਿਖਿਆ ਸੀ। ਜਦੋਂ ਆਦਮੀ ਪਸ਼ੂ ਪਾਲਣ ਲੱਗਾ ਅਤੇ ਫਿਰ ਪਿੰਡ ਵਸਾ ਕੇ ਰਹਿਣ ਲੱਗਿਆ ਤਾਂ ਉਸ ਨੇ ਅਨੇਕ ਦੇਵੀ ਦੇਵਤਿਆਂ ਦੀ ਕਲਪਨਾ ਕੀਤੀ। 14 ਸੌ ਸਾਲ ਪਹਿਲਾਂ ਹਜ਼ਰਤ ਮੁਹੰਮਦ ਨੇ 360 ਦੇਵੀ ਦੇਵਤਿਆਂ ਨੂੰ ਝੂਠ ਕਿਹਾ ਅਤੇ ਇੱਕੋ ਰੱਬ ਦੀ ਪੂਜਾ ਕਰਨ ਲਈ ਕਿਹਾ। ਮਿਸਰ 'ਚ ਇਸੇ ਤਰ੍ਹਾਂ ਹੋਇਆ ਅਤੇ ਕਈ ਸਦੀਆਂ ਇਨਸਾਨ ਨੇ ਆਪਣੇ ਹੀ ਬਣਾਏ ਦੇਵੀ ਦੇਵਤਿਆਂ ਦੇ ਖਿਲਾਫ ਲੜਾਈ ਲੜੀ।

ਪੁਰਸ਼ ਪ੍ਰਧਾਨ ਸਮਾਜ ਹੋਣ ਕਾਰਨ ਮਨੁੱਖ ਦੇ ਰੱਬ ਦੀ ਕਲਪਨਾ ਵੀ ਮਰਦ ਦੇ ਰੂਪ 'ਚ ਹੀ ਕੀਤੀ, ਉਹ ਵੀ ਜਵਾਨ ਮਰਦ ਦੇ ਰੂਪ 'ਚ। ਭਾਵੇਂ ਵਿਸ਼ਨੂੰ ਦੇ ਪੈਰ ਦਬਾਉਣ ਲਈ ਲਕਸ਼ਮੀ ਦੀ ਕਲਪਨਾ ਕੀਤੀ ਗਈ ਪਰ ਸ੍ਰਿਸ਼ਟੀ ਸਾਜਣ ਵਾਲੇ ਬ੍ਰਹਮਾ ਦੇ ਜਨਮ ਦੀ ਕਲਪਨਾ ਵਿਸ਼ਨੂੰ ਦੇ ਪੇਟ 'ਚੋਂ ਹੋਣ ਦੀ ਕੀਤੀ ਗਈ ਨਾ ਕਿ ਲਕਸ਼ਮੀ ਦੇ। ਆਦਮੀ ਨੇ ਜਦੋਂ ਭਗਵਾਨ ਬਣਾਇਆ ਤਾਂ ਉਸ ਵਿੱਚ ਆਪਣੇ ਵਰਗੇ ਹੀ ਗੁਣ ਪੈਦਾ ਕੀਤੇ। ਜਿਵੇਂ ਆਦਮੀ ਖੁਸ਼ਾਮਦ ਪਸੰਦ ਹੈ, ਉਸੇ ਤਰ੍ਹਾਂ ਭਗਵਾਨ ਨੂੰ ਵੀ ਖੁਸ਼ਾਮਦ ਪਸੰਦ ਬਣਾਇਆ ਗਿਆ। ਉਨ੍ਹਾਂ ਅਨੁਸਾਰ ਭਗਵਾਨ ਸਿਰਫ ਖੁਸ਼ਾਮਦੀ ਭਗਤਾਂ ਦੇ ਹੀ ਕੰਮ ਕਰਦਾ ਹੈ। ਖੁਸ਼ਾਮਦੀ ਭਗਤ ਭਵਗਾਨ ਦੀ ਭਗਤੀ ਕਰਕੇ ਵਿਹਲੇ ਰਹਿੰਦੇ ਦੂਜਿਆਂ ਦੀ ਕਮਾਈ 'ਤੇ ਪਲਦੇ ਹਨ ਅਤੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਇਹ ਸਭ ਰੱਬ ਦਿੰਦਾ ਹੈ। ਆਦਮੀ ਨੇ ਰੱਬ 'ਚ ਰਿਸ਼ਵਤਖੋਰੀ ਵਾਲਾ ਗੁਣ ਵੀ ਪੈਦਾ ਕੀਤਾ। ਮਾੜੇ ਕੰਮ ਕਰਕੇ ਰਿਸ਼ਵਤ (ਦਾਨ-ਪੁੰਨ) ਦਿਓ, ਰੱਬ ਮੁਆਫ ਕਰ ਦੇਵੇਗਾ। ਪੰਡਿਤ, ਪੁਜਾਰੀ, ਭਾਈ ਮੁੱਲਾ ਰਿਸ਼ਵਤ ਲੈਣ ਵਾਲੇ ਠੇਕੇਦਾਰ ਬਣ ਗਏ। ਭਾਵੇਂ ਵੱਖ-ਵੱਖ ਦੇਸ਼ਾਂ 'ਚ ਰੱਬ ਦੀ ਕਲਪਨਾ ਵੱਖ-ਵੱਖ ਰੱਬ ਦੇ ਯੱਬ ਤੋਂ ਬਿਨਾ ਕੀਤੀ ਗਈ ਪਰ ਹਰ ਜਗ੍ਹਾ ਆਦਮੀ ਨੇ ਰੱਬ ਨੂੰ ਆਪਣੇ ਅਨੁਸਾਰ ਹੀ ਢਾਲਣ ਦਾ ਜਤਨ ਕੀਤਾ। ਬੰਦਾ ਇਹ ਮੰਨ ਕੇ ਚੱਲਦਾ ਹੈ ਕਿ ਸਾਰੀ ਸ੍ਰਿਸ਼ਟੀ ਰੱਬ ਨੇ ਬੰਦੇ ਦੀ ਵਰਤੋਂ ਲਈ ਹੀ ਬਣਾਈ ਹੈ ਅਤੇ ਭਗਵਾਨ ਬੰਦੇ ਦੇ ਅਨੁਸਾਰ ਚੱਲਦਾ ਹੈ। ਹੋਰ ਪਸ਼ੂ ਪੰਛੀਆਂ ਅਤੇ ਜੀਵ ਜੰਤੂਆਂ ਨਾਲ ਬੰਦਾ ਕਿਹੋ ਜਿਹਾ ਵਿਵਹਾਰ ਕਰਦਾ ਹੈ, ਇਸ ਨਾਲ ਰੱਬ ਨੂੰ ਕੋਈ ਚੋਟ ਨਹੀਂ ਪਹੁੰਚਦੀ। ਕਿਉਂਕਿ ਦੂਸਰੇ ਜੀਵ ਜੰਤੂ ਕਿਹੜਾ ਭਗਵਾਨ ਦੀ ਭਗਤੀ ਜਾਂ ਦਾਨ ਪੁੰਨ ਕਰਦੇ ਹਨ। ਉਹ ਮੰਨ ਕੇ ਚੱਲਦਾ ਹੈ ਕਿ ਦੂਜੇ ਜੀਵ ਜੰਤੂਆਂ ਨੂੰ ਰੱਬ ਦੀ ਕੋਈ ਜ਼ਰੂਰਤ ਵੀ ਨਹੀਂ। ਉਨ੍ਹਾਂ ਨੇ ਨਾ ਬਣਾਇਐ ਅਤੇ ਨਾ ਹੀ ਉਨ੍ਹਾਂ ਦਾ ਰੱਬ ਨਾਲ ਕੋਈ ਸਬੰਧ ਹੈ। ਆਦਮੀ ਨੂੰ ਇੱਕ ਅਜਿਹੇ ਆਦਮੀ ਦੀ ਲੋੜ ਸੀ, ਜੋ ਹਰ ਵਕਤ ਉਸ ਦੇ ਨਾਲ ਰਹੇ। ਜਿਸ 'ਤੇ ਬਹੁਤ ਖਰਚਾ ਵੀ ਨਾ ਆਵੇ। ਸੋ ਉਸ ਨੇ ਆਪਣੇ ਵਰਗਾ ਇੱਕ ਭਗਵਾਨ ਬਣਾ ਲਿਆ ਅਤੇ ਉਸ ਨਾਲ ਸਬੰਧਤ ਅਨੇਕਾਂ ਕਿੱਸੇ ਕਹਾਣੀਆਂ ਅਤੇ ਗੀਤ ਆਦਿ ਲਿਖ ਦਿੱਤੇ। ਲੱਖਾਂ ਲੋਕਾਂ ਨੇ ਭਗਤ ਬਣ ਕੇ ਦਾਨ ਦੱਛਣਾ ਲੈਣੀ ਸ਼ੁਰੂ ਕਰ ਦਿੱਤੀ। ਕੁਦਰਤ ਦੇ ਭੇਤ ਨੂੰ ਵਿਗਿਆਨਕ ਵਿਧੀ ਨਾਲ ਸਮਝਣ ਦਾ ਕੰਮ ਤਾ ਸਿਰਫ 400 ਸਾਲ ਪਹਿਲਾਂ ਹੀ ਸ਼ੁਰੂ ਹੋਇਆ। ਉਸ ਤੋਂ ਪਹਿਲਾਂ ਸਾਰੀ ਦੁਨੀਆਂ 'ਚ ਜਬਰਦਸਤ ਭਗਤੀ ਯੁੱਗ ਰਿਹਾ। ਇਸ ਭਗਤੀ ਯੁੱਗ 'ਚ ਭਾਰਤ

’ਚ ਅਨੇਕ ਭਗਤ ਹੋਏ।

ਇਸ ਤਰ੍ਹਾਂ ਰੱਬ ਨੇ ਇਹ ਦੁਨੀਆਂ ਨਹੀਂ ਬਣਾਈ ਸਗੋਂ ਆਦਮੀ ਨੇ ਬਹੁਤ ਸਖਤ ਦਿਮਾਗੀ ਮਿਹਨਤ ਕਰਕੇ ਰੱਬ ਦੀ ਸਿਰਜਣਾ ਕੀਤੀ। ਆਤਮਾ, ਪ੍ਰਮਾਤਮਾ, ਪੁਨਰ ਜਨਮ, ਪਰਲੋਕ, ਸੁਰਗ, ਨਰਕ, ਕਿਸਮਤ ਅਤੇ ਮੁਕਤੀ ਉੱਪਰ ਬਹੁਤ ਜ਼ਿਆਦਾ ਕੀਮਤੀ ਇਨਸਾਨੀ ਸਮਾਂ ਬਰਬਾਦ ਹੋਇਆ (ਅਤੇ ਹੋ ਰਿਹਾ ਹੈ)। ਭਗਤੀ ਯੁੱਗ ’ਚ ਜਿਸ ਗਿਆਨ ਨੂੰ ਵੇਦਾਂ, ਪੁਰਾਣਾਂ ਦੁਆਰਾ ਬਹੁਤ ਵੱਡਾ ਸਮਝਿਆ ਜਾਂਦਾ ਸੀ, ਅੱਜ ਉਸ ਨਾਲੋਂ ਗਣਿਤ ਵਿਗਿਆਨ, ਭੂਗੋਲ, ਖਗੋਲ ਵਿਗਿਆਨ ਆਦਿ ਕਾਲਜਾਂ ’ਚ ਪੜ੍ਹਾਏ ਜਾਂਦੇ ਵਿਸ਼ੇ ਜ਼ਿਆਦਾ ਮੁਲਵਾਨ ਵਿਸ਼ੇ ਹਨ, ਜੋ ਵਿਗਿਆਨੀਆਂ ਨੇ ਬਹੁਤ ਮਿਹਨਤ ਨਾਲ ਪ੍ਰਮਾਣਾਂ ਦੇ ਆਧਾਰ ’ਤੇ ਤਿਆਰ ਕੀਤੇ ਹਨ।

**ਪਦਾਰਥ ਦੇ ਰੂਪ** : ਸ੍ਰਿਸ਼ਟੀ ਵਿੱਚ ਕੁਦਰਤ ਦੇ ਅਣਗਿਣਤ (ਅਰਬਾਂ-ਖਰਬਾਂ) ਨਿਯਮ ਹਨ, ਜਿਨ੍ਹਾਂ ਕਰਕੇ ਪਦਾਰਥ ਆਪਣਾ ਰੂਪ ਬਦਲਦਾ ਰਹਿੰਦਾ ਹੈ। ਹਵਾ ਦਾ ਬਕਾਇਦਾ ਭਾਰ ਹੈ। ਇਸ ਵਿੱਚ ਸਭ ਤੋਂ ਵੱਧ ਨਾਈਟ੍ਰੋਜਨ ਹੈ। ਹਵਾ ’ਚੋਂ ਨਾਈਟ੍ਰੋਜਨ ਲੈ ਕੇ ਯੂਰੀਆ ਖਾਦ ਬਣਾਈ ਜਾਂਦੀ ਹੈ। ਧੁੱਪ ਨਾਲ ਹਵਾ ਗਰਮ ਹੋ ਕੇ ਫੈਲਦੀ ਹੈ। ਗਰਮ ਹਵਾ ਹਲਕੀ ਹੋ ਕੇ ਉੱਪਰ ਉੱਠਦੀ ਹੈ ਅਤੇ ਭਾਰੀ ਹਵਾ ਉਸ ਦੀ ਥਾਂ ਲੈਣ ਲਈ ਦੌੜਦੀ ਹੈ ਅਤੇ ਹਵਾ ਚੱਲਣ ਕਾਰਨ ਪੱਤੇ ਹਿੱਲਦੇ ਹਨ (ਇਹ ਨਹੀਂ ਕਿ ਰੱਬ ਦੇ ਹੁਕਮ ਬਿਨਾਂ ਪੱਤਾ ਨਹੀਂ ਹਿੱਲਦਾ) ਇਸ ਤਰ੍ਹਾਂ ਧਰਤੀ ’ਤੇ ਹਵਾ ਦਾ ਚੱਲਣਾ ਸੂਰਜ ਦੀ ਧੁੱਪ ਨਾਲ ਜੁੜਿਆ ਹੋਇਆ ਹੈ। ਸੂਰਜ, ਚੰਦ ਦੀ ਗੁਰੂਤਾ ਖਿੱਚ ਕਾਰਨ ਸਮੁੰਦਰ ’ਚ ਜਵਾਰਭਾਟਾ ਆਉਂਦਾ ਹੈ। ਸੂਰਜ ਦੀ ਧੁੱਪ ’ਚ ਕਲੋਰੋਫਿਲ ਦੀ ਸਹਾਇਤਾ ਨਾਲ ਕਾਰਬਨ ਡਾਈਆਕਸਾਈਡ ਗੈਸ ਲੈ ਕੇ ਰੁੱਖ ਆਪਣਾ ਭੋਜਨ ਤਿਆਰ ਕਰਦੇ ਹਨ (ਭਾਵ ਮੋਟੇ ਹੁੰਦੇ ਹਨ)

## ਊਰਜਾ ਅਤੇ ਸੂਰਜ

ਬਿਜਲੀ ਦਾ ਚਮਕਣਾ, ਬੱਦਲ ਦਾ ਗਰਜਣਾ, ਹਵਾ ਦਾ ਚੱਲਦਾ, ਮੀਂਹ, ਜਵਾਰਭਾਟਾ, ਸੂਰਜ ਅਤੇ ਚੰਦ ਗ੍ਰਹਿਣ ਆਦਿ ਸਭ ਘਟਨਾਵਾਂ ਪਦਾਰਥ ਦਾ ਆਪਣਾ ਗੁਣ ਹਨ। ਇੱਕ ਘਟਨਾ ਦਾ ਦੂਜੀ ਘਟਨਾ ਨਾਲ ਡੂੰਘਾ ਸਬੰਧ ਹੈ। ਪਦਾਰਥ ਅੰਦਰ ਆਪਣੇ ਆਪ ਵਿਕਸਤ ਹੋਣ ਦੀ ਸ਼ਕਤੀ ਹੈ। ਪਦਾਰਥ ਆਪਣਾ ਕਾਰਨ ਖੁਦ ਹੈ। ਪ੍ਰੋਟੋਨ, ਨਿਊਟ੍ਰੋਨ ’ਚ ਬਦਲਦਾ ਹੈ। ਨਿਊਟ੍ਰੋਨ, ਪ੍ਰੋਟੋਨ ਅਤੇ ਇਲੈਕਟ੍ਰੋਨ ’ਚ ਬਦਲਦਾ ਹੈ। ਪ੍ਰੋਟੋਨ, ਨਿਊਟ੍ਰੋਨ ਅਤੇ ਇਲੈਕਟ੍ਰੋਨ ਮਿਲ ਕੇ ਪ੍ਰਮਾਣੂ (ਐਟਮ) ਬਣਦਾ ਹੈ। ਪ੍ਰਮਾਣੂ ’ਚ ਪ੍ਰੋਟੋਨ ਦੀ ਗਿਣਤੀ ਦੇ ਹਿਸਾਬ ਨਾਲ ਵੱਖੋਂ ਵੱਖ ਤੱਤ ਬਣਦੇ ਹਨ। ਤੱਤਾਂ ਦੇ ਪ੍ਰਮਾਣੂ ਆਪਸ ’ਚ ਮਿਲਣ ’ਤੇ ਵੱਖ-ਵੱਖ ਚੀਜ਼ਾਂ ਬਣਦੀਆਂ ਹਨ। ਸੂਰਜ ਦੀ ਧੁੱਪ ਨਾਲ ਸਮੁੰਦਰ ’ਚੋਂ ਪਾਣੀ ਭਾਫ ਬਣ ਕੇ ਉੱਡਦਾ ਰਹਿੰਦਾ ਹੈ। ਹਵਾ ਇਸ ਭਾਫ ਨੂੰ ਹਜ਼ਾਰਾਂ ਮੀਲ ਦੂਰ ਪਹਾੜਾਂ ’ਤੇ ਲੈ ਜਾਂਦੀ ਹੈ। ਪਹਾੜਾਂ ਦੇ ਘੱਟ ਦਬਾਅ ’ਤੇ ਇਹ ਭਾਫ ਬੱਦਲ ਬਣਦੀ ਹੈ ਅਤੇ ਬਰਫ ਬਣ ਕੇ ਜੰਮ ਜਾਂਦੀ ਹੈ। ਪਹਾੜਾਂ ’ਤੇ ਜੰਮੀ ਇਹ

ਬਰਫ ਪਿਘਲ ਕੇ ਦਰਿਆ ਬਣਦੇ ਹਨ ਅਤੇ ਉਨ੍ਹਾਂ ਦਾ ਪਾਣੀ ਮੈਦਾਨਾਂ ’ਚ ਆਉਂਦਾ ਹੈ। ਇਹ ਨਹੀਂ ਕਿ ਗੰਗਾ ਸ਼ਿਵਜੀ ਦੀਆਂ ਜਟਾਵਾਂ ’ਚੋਂ ਨਿੱਕਲੀ ਸੀ। ਢਲਾਣ ਤੋਂ ਆਉਂਦੇ ਇਸ ਗਤੀਸ਼ੀਲ ਪਾਣੀ ਦੀ ਊਰਜਾ ਨਾਲ ਡੈਮ ਚੱਲਦੇ ਹਨ। ਇਹ ਸਾਰੀ ਊਰਜਾ ਸੂਰਜ ਦੀ ਬਦੌਲਤ ਹੈ। ਹੁਣ ਤਾਂ ਗੰਗਾ ਨਦੀ ’ਤੇ ਵੀ ਏਸ਼ੀਆਂ ਦਾ ਸਭ ਤੋਂ ਵੱਡਾ ਟੀਹਰੀ ਡੈਮ ਬਣ ਗਿਆ ਹੈ। ਡੈਮ ਬਣਨ ਸਮੇਂ 12-13 ਦਿਨ ਗੰਗਾ ’ਚ ਪਾਣੀ ਨਹੀਂ ਆਇਆ ਜਿਸ ਨਾਲ ਪੁਰਾਤਨ ਗ੍ਰੰਥਾਂ ਦੀ ਇਹ ਮਿੱਥ ਖਤਮ ਹੋ ਗਈ ਕਿ ਗੰਗਾ ਦੇ ਪਾਣੀ ਨੂੰ ਕੋਈ ਨਹੀਂ ਰੋਕ ਸਕਦਾ। ਜੇ ਪੁੱਛਿਆ ਜਾਵੇ ਕਿ ਸੂਰਜ ਵਿੱਚ ਊਰਜਾ ਕਿੱਥੋਂ ਆਉਂਦੀ ਹੈ? ਤਾਂ ਜਵਾਬ ਇਹ ਹੈ ਕਿ ਸੂਰਜ ਦੀ ਨਾਭੀ ’ਚ ਬਹੁਤ ਜ਼ਿਆਦਾ ਦਬਾਅ ਅਤੇ ਗਰਮੀ ਕਾਰਨ ਹਾਈਡ੍ਰੋਜਨ ਦੇ ਪ੍ਰਮਾਣੂ ਇੱਥ ਦੂਜੇ ’ਚ ਧੱਸ ਕੇ ਹੀਲੀਅਮ ਦੇ ਪ੍ਰਮਾਣੂ ਬਣਾਉਂਦੇ ਹਨ ਅਤੇ ਪਦਾਰਥ ਦਾ ਇੱਕ ਹਿੱਸਾ ਊਰਜਾ ਵਿੱਚ ਬਦਲ ਜਾਂਦਾ ਹੈ। ਇਸ ਬ੍ਰਹਿਮੰਡ ਵਿੱਚ ਇਸ ਸੂਰਜ ਤੋਂ ਕਈ ਲੱਖ ਗੁਣਾ ਵੱਡੇ ਹੋਰ ਲੱਖਾਂ ਸੂਰਜ ਵੀ ਹਨ। ਜੋ ਸਾਡੀ ਪਹੁੰਚ ਤੋਂ ਬਾਹਰ ਹਨ।

ਬਨਸਪਤੀ : ਕਰੋੜਾਂ ਸਾਲ ਪਹਿਲਾਂ ਧਰਤੀ ਉੱਪਰ ਬਨਸਪਤੀ ਨਹੀਂ ਸੀ। ਜਦ ਧਰਤੀ ਦੀਆਂ ਚਟਾਨਾਂ ਹੌਲੀ ਹੌਲੀ ਮਿੱਟੀ ’ਚ ਬਦਲੀਆਂ ਅਤੇ ਪਾਣੀ ਇਕੱਠਾ ਹੋਇਆ ਤਾਂ ਬਨਸਪਤੀ ਪੈਦਾ ਹੋਈ। ਜੀਵ ਜੰਤੂ ਬਹੁਤ ਬਾਅਦ ’ਚ ਪੈਦਾ ਹੋਏ। ਸਭ ਤੋਂ ਪਹਿਲਾਂ ਬਨਸਪਤੀ ਕਾਰਨ ਆਕਸੀਜਨ ਪੈਦਾ ਹੋਈ ਅਤੇ ਓਜ਼ੋਨ ਪਰਤ (ਨੀਲਾ ਆਕਾਸ਼) ਬਣੀ। ਇਸ ਓਜ਼ੋਨ ਪਰਤ ਕਾਰਨ ਜੀਵਨ ਲਈ ਘਾਤਕ ਸੂਰਜ ਦੀਆਂ ਪਰਾਂਵੈਂਗਣੀ ਕਿਰਨਾਂ ਧਰਤੀ ’ਤੇ ਆਉਣੋਂ ਹਟੀਆਂ। ਸਾਹਲੈਣ ਵਾਸਤੇ ਹਵਾ ’ਚ ਆਕਸੀਜਨ ਦੀ ਮਾਤਰਾ ਵਧੀ। ਜੀਵਨ ਲਈ ਸਾਰੀਆਂ ਹਾਲਤਾਂ ਅਨੁਕੂਲ ਹੋਣ ਤੋਂ ਬਾਅਦ ਹੀ ਧਰਤੀ ’ਤੇ ਖਾਰੇ ਸਾਗਰਾਂ ’ਚ ਜੀਵਨ ਦੀ ਸ਼ੁਰੂਆਤ ਹੋਈ। ਹੋਰ ਗ੍ਰਹਿਆਂ (ਮੰਗਲ, ਬ੍ਰਹਿਸਪਤੀ ਆਦਿ) ’ਤੇ ਅਜਿਹੀਆਂ ਹਾਲਤਾਂ ਪੈਦਾ ਨਾ ਹੋਣ ਕਾਰਨ ਜੀਵਨ ਪੈਦਾ ਨਹੀਂ ਹੋ ਸਕਿਆ। ਬਨਸਪਤੀ ਦੀ ਖੁਰਾਕ ਕਿਉਂਕਿ ਕਾਰਬਨ ਡਾਈਆਕਸਾਈਡ ਗੈਸ ਹੈ। ਜਦ ਤੱਕ ਇਹ ਕਾਫੀ ਮਾਤਰਾ ’ਚ ਪੈਦਾ ਨਹੀਂ ਹੋਈ, ਤਦ ਤੱਕ ਰੁੱਖ ਪੈਦਾ ਨਹੀਂ ਹੋਏ।

ਗੁਰੂਤਾ ਖਿੱਚ : ਪੁਲਾੜ ਦੀ ਗੁਰੂਤਾ ਖਿੱਚ ਕਾਰਨ ਸਾਰੇ ਗ੍ਰਹਿ, ਤਾਰੇ ਆਪੋ ਆਪਣਿਆਂ ਰਸਤਿਆਂ ’ਤੇ ਚੱਲ ਰਹੇ ਹਨ। ਜਦ ਕੋਈ ਗ੍ਰਹਿ ਰਾਹ ਤੋਂ ਭਟਕ ਜਾਂਦਾ ਹੈ ਤਾਂ ਉਹ ਕਿਸੇ ਹੋਰ ਗ੍ਰਹਿ ਨਾਲ ਟਕਰਾ ਕੇ ਟੁਕੜੇ-ਟੁਕੜੇ ਹੋ ਜਾਂਦਾ ਹੈ। ਧਰਤੀ ਦੀ ਗੁਰੂਤਾ ਖਿੱਚ 8 ਕਿਲੋਮੀਟਰ ਪ੍ਰਤੀ ਸੈਕਿੰਡ ਹੈ। ਮਨੁੱਖ ਵੱਲੋਂ ਦਾਗੇ ਉਪਗ੍ਰਹਿ ਤਾਂ ਹੀ ਧਰਤੀ ਦੀ ਖਿੱਚ ਤੋਂ ਬਾਹਰ ਨਿਕਲ ਸਕਦੇ ਹਨ ਜੇ ਉਨ੍ਹਾਂ ਦੀ ਰਫਤਾਰ 8 ਕਿਲੋਮੀਟਰ ਪ੍ਰਤੀ ਸੈਕਿੰਡ ਤੋਂ ਵੱਧ ਹੋਵੇ। ਧਰਤੀ ਦੀ ਗੁਰੂਤਾ ਖਿੱਚ ਤੋਂ ਬਾਹਰ ਜਾ ਕੇ ਇਹ ਉਪਗ੍ਰਹਿ ਬਿਨਾਂ ਕਿਸੇ ਇੰਜਨ ਦੇ ਧਰਤੀ ਦੁਆਲੇ ਚੱਕਰ ਕੱਟਦੇ ਰਹਿੰਦੇ ਹਨ। ਧਰਤੀ ਦੀ ਖਿੱਚ ਤੋਂ ਬਿਲਕੁੱਲ ਬਾਹਰ ਨਿਕਲਣ ਵਾਸਤੇ ਰਾਕਟ ਦੀ ਗਤੀ 11 ਕਿਲੋਮੀਟਰ ਪ੍ਰਤੀ ਸੈਕਿੰਡ ਕਰਨੀ ਪੈਂਦੀ ਹੈ। ਇਸ ਤਰ੍ਹਾਂ ਧਰਤੀ ਦੀ ਖਿੱਚ ਦਾ ਨਿਸਤਾਰ ਵੇਗ 11 ਕਿਲੋਮੀਟਰ ਪ੍ਰਤੀ ਸੈਕਿੰਡ ਹੈ। ਜਿਸ ਤਰ੍ਹਾਂ ਚੰਦਰਮਾ ਧਰਤੀ ਦੁਆਲੇ ਚੱਕਰ ਕੱਟ ਰਿਹਾ ਹੈ। ਧਰਤੀ,

ਚੰਦਰਮਾ ਨੂੰ ਲੈ ਕੇ ਸੂਰਜ ਦੁਆਲੇ ਚੱਕਰ ਕੱਟ ਰਹੀ ਹੈ। ਸੂਰਜ ਆਪਣੇ ਸਾਰੇ ਪਰਿਵਾਰ (ਗ੍ਰਹਿਆ, ਉਪਗ੍ਰਹਿਆਂ, ਪੂਛਲ ਤਾਰਿਆਂ ਸਮੇਤ) ਆਕਾਸ਼ ਗੰਗਾ ਦੇ ਵੱਡੇ ਸੂਰਜ ਦੁਆਲੇ ਚੱਕਰ ਕੱਟ ਰਿਹਾ ਹੈ ਅਤੇ ਅਨੰਤਤਾ ਦਾ ਸਫਰ ਇਸੇ ਤਰ੍ਹਾਂ ਅਗਾਂਹ ਤੁਰਿਆ ਜਾ ਰਿਹਾ ਹੈ। ਬ੍ਰਹਿਮੰਡ 'ਚ ਕੁਝ ਵੀ ਸਥਿਰ ਨਹੀਂ, ਸਭ ਗਤੀ 'ਚ ਹਨ। ਵਿਗਿਆਨ ਦੇ ਤੱਥਾਂ ਅਨੁਸਾਰ ਕੋਈ ਅਠਾਰਾਂ ਅਰਬ ਸਾਲ ਪਹਿਲਾਂ ਸਮੇਂ ਦੀ ਸ਼ੁਰੂਆਤ ਹੋਈ। ਇਸ ਤੋਂ ਬਾਅਦ ਬਣੀਆਂ ਕੁੱਲ ਗਲੈਕਸੀਆਂ ਦੇ ਅਸੰਖ ਤਾਰੇ ਇਸ ਵਕਤ ਸਮੁੱਚੇ ਬ੍ਰਹਿਮੰਡ 'ਚ ਮੌਜੂਦ ਹਨ। ਪਦਾਰਥ ਊਰਜਾ ਵਿੱਚ ਬਦਲ ਰਿਹਾ ਹੈ ਅਤੇ ਊਰਜਾ ਪਦਾਰਥ ਵਿੱਚ। ਤਿੰਨ ਸੌ ਸਾਲ ਪਹਿਲਾਂ ਧਰਤੀ ਨੂੰ ਹੀ ਬ੍ਰਹਿਮੰਡ ਦਾ ਕੇਂਦਰ ਮੰਨਿਆ ਜਾਂਦਾ ਸੀ। (ਜੋਤਿਸ਼ ਅਜੇ ਵੀ ਧਰਤੀ ਨੂੰ ਬ੍ਰਹਿਮੰਡ ਦਾ ਕੇਂਦਰ ਮੰਨਦਾ ਹੈ ਇਸ ਤਰ੍ਹਾਂ ਜੋਤਿਸ਼ ਝੂਠ 'ਤੇ ਆਧਾਰਿਤ ਹੈ)। ਚੰਦ, ਸੂਰਜ ਗ੍ਰਹਿਣ ਸਮੇਂ ਲੋਕਾਂ ਨੂੰ ਮੂਰਖ ਬਣਾ ਕੇ ਲੁੱਟਿਆ ਜਾਂਦਾ ਸੀ। ਬ੍ਰਹਿਮਣ, ਪ੍ਰੋਹਿਤ, ਪੁਜਾਰੀ ਅੱਜ ਵੀ 9 ਗ੍ਰਹਿਆਂ ਦੀ ਪੂਜਾ ਕਰਵਾ ਰਹੇ ਹਨ। ਸੂਰਜ ਦਹਿਕਦਾ ਹੋਇਆ ਤਾਰਾ ਹੈ, ਉਸ ਨੂੰ ਗ੍ਰਹਿ ਮੰਨ ਰਹੇ ਹਨ। ਚੰਨ ਉਪਗ੍ਰਹਿ ਹੈ, ਉਸ ਨੂੰ ਵੀ ਗ੍ਰਹਿ ਮੰਨ ਰਹੇ ਹਨ। ਧਰਤੀ, ਜੋ ਸਾਡੇ ਉੱਪਰ ਸਭ ਤੋਂ ਵੱਧ ਪ੍ਰਭਾਵ ਪਾਉਂਦੀ ਹੈ, ਨੂੰ ਗ੍ਰਹਿ ਹੀ ਨਹੀਂ ਮੰਨਦੇ। ਦੂਸਰੇ ਗ੍ਰਹਿਆਂ ਦੇ 60 ਉਪਗ੍ਰਹਿਆਂ ਬਾਰੇ ਇਨ੍ਹਾਂ ਜੋਤਸ਼ੀਆਂ ਨੂੰ ਕੋਈ ਗਿਆਨ ਹੀ ਨਹੀਂ। ਰਾਹੂ, ਕੇਤੂ ਸਿਰਫ ਕਲਪਿਤ ਗ੍ਰਹਿ ਹਨ। ਜਿਨ੍ਹਾਂ ਦੀ ਕੋਈ ਹੋਂਦ ਨਹੀਂ। ਜਿਨ੍ਹਾਂ ਦੀ ਕੋਈ ਹੋਂਦ ਹੀ ਨਹੀਂ ਉਹ ਕਿਸੇ 'ਤੇ ਕੀ ਅਸਰ ਪਾ ਸਕਦੇ ਹਨ। ਸ਼ਨੀ ਗ੍ਰਹਿ ਜੋ ਧਰਤੀ ਤੋਂ ਕਰੋੜਾਂ ਮੀਲ ਦੂਰ ਹੈ ਅਤੇ ਉਸ ਦਾ ਧਰਤੀ 'ਤੇ ਕੋਈ ਅਸਰ ਨਹੀਂ ਹੁੰਦਾ ਪਰ ਸਭ ਤੋਂ ਵੱਧ ਸ਼ਨੀ ਦਾ ਨਾਂਅ ਲੈ ਕੇ ਲੋਕਾਂ ਨੂੰ ਡਰਾਇਆ ਅਤੇ ਲੁੱਟਿਆ ਜਾਂਦਾ ਹੈ। ਚਾਰਲਸ ਡਾਰਵਿਨ ਨੇ ਆਪਣਾ ਪੂਰਾ ਜੀਵਨ ਜੀਵ ਵਿਕਾਸ ਦੇ ਅਧਿਐਨ 'ਤੇ ਲਾ ਦਿੱਤਾ। ਡੇਢ ਸੌ ਸਾਲ ਪਹਿਲਾਂ ਪੇਸ਼ ਕੀਤੀ ਉਸ ਦੀ ਜੀਵ ਵਿਕਾਸ ਦੀ ਥਿਊਰੀ ਨੂੰ ਅੱਜ ਵੀ ਕੋਈ ਚੈਲਿੰਗ ਨਹੀਂ ਕਰ ਸਕਿਆ। ਡਾਰਵਿਨ ਨੇ ਦੱਸਿਆ ਕਿ ਕੁਦਰਤ ਦੇ ਪੱਕੇ ਨਿਯਮ ਹਨ, ਜੋ ਹਰ ਸਮੇਂ ਪਦਾਰਥ 'ਚ ਤਬਦੀਲੀ ਕਰਦੇ ਰਹਿੰਦੇ ਹਨ। ਇਨ੍ਹਾਂ ਨਿਯਮਾਂ ਅਨੁਸਾਰ ਹੀ ਜੀਵ ਜੰਤੂ ਅਤੇ ਬਨਸਪਤੀ ਪੈਦਾ ਹੁੰਦੀ ਅਤੇ ਵਿਕਾਸ ਕਰਦੀ ਹੈ। ਅਨੇਕਾਂ ਦੇਸ਼ਾਂ ਦੇ ਅਜਾਇਬ ਘਰਾਂ ਵਿੱਚ ਧਰਤੀ ਹੇਠੋਂ ਨਿਕਲੇ ਡਾਇਨਾਸੌਰਾਂ ਦੀਆਂ ਹੱਡੀਆਂ ਦੇ ਵਿਸ਼ਾਲ ਢਾਂਚੇ ਰੱਖੇ ਹੋਏ ਹਨ। ਈਸ਼ਵਰਵਾਦੀਆਂ ਵਾਂਗ ਇਹ ਕੋਈ ਕਲਪਿਤ ਗੱਲ ਨਹੀਂ। ਪ੍ਰਮਾਣਾਂ ਸਹਿਤ ਸਾਬਿਤ ਕੀਤਾ ਜਾ ਚੁੱਕਿਆ ਹੈ ਕਿ ਕਰੋੜਾਂ ਸਾਲ ਪਹਿਲਾਂ ਇਸ ਧਰਤੀ 'ਤੇ ਬਹੁਤ ਵੱਡੇ-ਵੱਡੇ ਡਾਇਨਾਸੌਰ ਦਨਦਨਾਂਦੇ ਫਿਰਦੇ ਸਨ। ਇਨ੍ਹਾਂ ਦਾ ਵਜਨ ਛੇ ਹਾਥੀਆਂ ਦੇ ਬਰਾਬਰ ਸੀ ਅਤੇ ਤਿੰਨ ਮੰਜਿਲਾਂ ਇਮਾਰਤ ਜਿੰਨੇ ਉੱਚੇ ਸਨ। ਇਹ ਡਾਇਨਾਸੌਰ ਇੱਥ ਬਹੁਤ ਵੱਡੇ ਅੰਡੇ 'ਚੋਂ ਪੈਦਾ ਹੁੰਦਾ ਸੀ। ਇਨ੍ਹਾਂ ਅੰਡਿਆਂ ਦੇ ਖੋਲ ਵੀ ਅਜਾਇਬਘਰਾਂ 'ਚ ਰੱਖੇ ਗਏ ਹਨ। ਜਲਵਾਯੂ ਬਦਲ ਜਾਣ ਕਾਰਨ ਡਾਇਨਾਸੌਰ ਨੂੰ ਆਪਣੇ ਭੋਜਨ 'ਚ ਕਠਿਨਾਈ ਹੋਣ ਲੱਗੀ। ਛੋਟੇ ਜੀਵ ਪੈਦਾ ਹੋ ਜਾਣ ਕਾਰਨ ਉਹ ਡਾਇਨਾਸੌਰ ਦੇ ਅੰਡਿਆਂ ਨੂੰ ਖਾਣ ਲੱਗੇ। ਡਾਇਨਾਸੌਰ

ਮਨੁੱਖ ਵਾਂਗ ਦਿਮਾਗੀ ਤੌਰ 'ਤੇ ਵਿਕਸਤ ਨਾ ਹੋਣ ਕਾਰਨ ਆਪਣੀ ਰੱਖਿਆ ਆਪ ਨਹੀਂ ਕਰ ਸਕਦੇ ਸੀ। ਕੁਦਰਤ ਦਾ ਨਿਯਮ ਹੈ ਕਿ ਜਿਹੜੇ ਜੀਵ, ਰੁੱਖ ਪੌਦੇ ਆਪਣੇ ਆਪ ਨੂੰ ਹਾਲਾਤ ਅਨੁਸਾਰ ਨਹੀਂ ਢਾਲ ਸਕਦੇ, ਉਹ ਖਤਮ ਹੋ ਜਾਂਦੇ ਹਨ।

ਆਦਮੀ ਦੇ ਸਰੀਰ ਦਾ ਵਿਕਾਸ ਹਾਲਾਤ ਅਨੁਸਾਰ ਹੋਇਆ। ਤਿੰਨ ਲੱਖ ਸਾਲ ਪਹਿਲਾਂ ਜਦ ਆਦਮੀ ਰੁੱਖਾਂ 'ਤੇ ਰਹਿੰਦਾ ਸੀ ਤਾਂ ਉਸ 'ਚ ਵੀ ਤਵੱਚਾ ਇੰਦਰੀ (ਖੱਲ) ਸੀ। ਉਹ ਪਸ਼ੂਆਂ ਵਾਂਗ ਆਪਣੀ ਖੱਲ ਹਿਲਾ ਕੇ ਮੱਛਰ, ਮੱਖੀ ਉਡਾ ਦਿੰਦਾ ਸੀ। ਜਦੋਂ ਮਨੁੱਖ ਜ਼ਮੀਨ 'ਤੇ ਆ ਕੇ ਦੋ ਪੈਰਾਂ 'ਤੇ ਤੁਰਨ ਲੱਗਾ ਤਾਂ ਉਸ ਦੇ ਦੋਵੇਂ ਹੱਥ ਅਜ਼ਾਦ ਹੋ ਗਏ ਅਤੇ ਉਹ ਮੱਛਰ, ਮੱਖੀ ਉਡਾਉਣ ਲਈ ਹੱਥਾਂ ਦੀ ਵਰਤੋਂ ਕਰਨ ਲੱਗਾ ਤਾਂ ਤਵੱਚਾ ਇੰਦਰੀ ਬੇਹਰਕਤ ਹੋ ਗਈ। ਉਂਜ ਯਤਨ ਕਰਨ 'ਤੇ ਕਈ ਆਦਮੀ ਅੱਜ ਵੀ ਆਪਣੀ ਖੱਲ ਹਿਲਾ ਸਕਦੇ ਹਨ ਜਿਵੇਂ ਕਈ ਮਨੁੱਖ ਆਪਣਾ ਇਕੱਲਾ ਕੰਨ ਹਿਲਾ ਸਕਦੇ ਹੁੰਦੇ ਹਨ। ਇਸੇ ਤਰ੍ਹਾਂ ਪੇਟ 'ਚ ਇੱਕ ਨਾੜੀ ਅਪੈਨਡਿਕਸ ਹੈ। ਇਸ ਦਾ ਮਨੁੱਖ ਉਪਯੋਗ ਨਹੀਂ ਕਰਦਾ ਅਤੇ ਉਹ ਮਨੁੱਖੀ ਸਰੀਰ ਵਿੱਚ ਵਾਧੂ ਅੰਗ ਵਜੋਂ ਹੁੰਦੀ ਹੈ। ਪੇਟ 'ਚ ਭਿਆਨਕ ਦਰਦ ਹੋਣ ਸਮੇਂ ਆਪ੍ਰੇਸ਼ਨ ਕਰਕੇ ਇਸ ਨੂੰ ਬਾਹਰ ਕੱਢਣਾ ਪੈਂਦਾ ਹੈ। ਵਿਕਸਤ ਦੇਸ਼ਾਂ 'ਚ ਬੱਚੇ ਦੇ ਜਨਮ ਸਮੇਂ ਹੀ ਇਹ ਨਾੜ ਕੱਟ ਕੇ ਬਾਹਰ ਕੱਢ ਦਿੱਤੀ ਜਾਂਦੀ ਹੈ। ਜਦ ਮਨੁੱਖ, ਪਸ਼ੂਆਂ ਵਾਂਗ ਹਰਾ ਚਾਰਾ ਖਾਂਦਾ ਸੀ ਤਾਂ ਇਹਦੀ ਲੋੜ ਸੀ। ਪਸ਼ੂਆਂ ਵਿੱਚ ਇਹ ਅੱਜ ਵੀ ਹੈ। ਜਦ ਆਦਮੀ ਨੇ ਚਰਵਾਹੇ ਦਾ ਕੰਮ ਛੱਡ ਕੇ ਪਿੰਡ ਬਣਾ ਕੇ ਰਹਿਣਾ ਸ਼ੁਰੂ ਕੀਤਾ ਅਤੇ ਖੇਤੀਬਾੜੀ ਸ਼ੁਰੂ ਕੀਤੀ ਤਾਂ ਅਮੀਰ ਗਰੀਬ ਵਰਗ ਬਣ ਗਏ। ਰਾਜਾ, ਸਾਮੰਤ, ਪੂੰਜੀਪਤੀ ਬਣੇ। ਆਪਣੇ ਲਾਭ ਅਤੇ ਅਧਿਕਾਰ ਵਧਾਉਣ ਲਈ ਭਿਆਨਕ ਖ਼ੂਨੀ ਲੜਾਈਆਂ ਲੜੀਆਂ ਗਈਆਂ। ਮਨੁੱਖੀ ਇਤਿਹਾਸ ਖ਼ੂਨੀ ਲੜਾਈਆਂ ਨਾਲ ਭਰਿਆ ਪਿਆ ਹੈ। ਲੱਖਾਂ ਆਦਮੀ ਲੜਾਈਆਂ 'ਚ ਬਰਬਾਦ ਹੋ ਗਏ। ਮਹਾਂਮਾਰੀਆਂ, ਭਿਆਨਕ ਰੋਗਾਂ 'ਚ ਲੱਖਾਂ ਲੋਕ ਮਰੇ। ਜੇ ਵਾਕਿਆ ਹੀ ਕੋਈ ਰੱਬ ਹੁੰਦਾ ਤਾਂ ਇਸ ਤਰ੍ਹਾਂ ਦੀਆਂ ਬਰਬਾਦੀਆਂ ਨਹੀਂ ਸੀ ਹੋਣੀਆਂ। ਮਾਨਵ ਸਮਾਜ ਚਲਾਉਣ ਲਈ ਮਨੁੱਖੀ ਵਿਚਾਰਾਂ 'ਚ ਹਮੇਸ਼ਾ ਸੰਘਰਸ਼ ਰਹੇਗਾ। ਮਾਨਵ ਸਮਾਜ ਵਿਕਸਤ ਹੁੰਦਾ ਰਿਹਾ ਹੈ ਅਤੇ ਵਿਕਸਤ ਹੁੰਦਾ ਰਹੇਗਾ।

ਪਦਾਰਥ ਹਰ ਜਗ੍ਹਾ ਮੌਜੂਦ ਹੈ। ਪਦਾਰਥ ਦਾ ਆਪਣਾ ਸੁਭਾਅ ਅਤੇ ਅਕਾਰ ਹੈ। ਸਭ ਤੋਂ ਛੋਟੀ ਚੀਜ਼ ਪ੍ਰਮਾਣੂ (ਐਟਮ) ਹੈ ਅਤੇ ਅਗਾਂਹ ਪ੍ਰਮਾਣੂ ਦੇ ਟੁਕੜੇ ਪ੍ਰੋਟਾਨ, ਨਿਊਟ੍ਰਾਨ, ਇਲੈਕਟ੍ਰਾਨ। ਪ੍ਰਕਾਸ਼ ਦਾ ਸਭ ਤੋਂ ਛੋਟਾ ਟੁਕੜਾ ਫੋਟੋਨ, ਇਨ੍ਹਾਂ ਸਭ ਦੇ ਆਕਾਰ ਬਾਰੇ ਵਿਗਿਆਨ ਜਾਣ ਚੁੱਕਿਆ ਹੈ। ਬਿਨਾਂ ਆਕਾਰ ਤੋਂ ਕੋਈ ਚੀਜ਼ ਹੋ ਹੀ ਨਹੀਂ ਸਕਦੀ। ਆਤਮਾ ਅਤੇ ਪ੍ਰਮਾਤਮਾ ਨੂੰ ਨਿਰ-ਆਕਾਰ (ਨਿਰੰਕਾਰ) ਕਿਹਾ ਗਿਆ ਹੈ। ਕਿਹਾ ਗਿਆ ਹੈ ਮਰਨ ਉਪਰੰਤ ਨਿਰ-ਆਕਾਰ ਆਤਮਾ ਨੂੰ ਸੂਖਮ ਸਰੀਰ ਦਿੱਤਾ ਜਾਂਦਾ ਹੈ ਅਤੇ ਫਿਰ ਵੀ ਉਸ ਨੂੰ ਨਿਰਆਕਾਰ ਕਿਹਾ ਜਾਂਦਾ ਹੈ ਜੇ ਆਤਮਾ ਸੂਖਮ ਸਰੀਰ ਨਾਲ ਹੁੰਦੀ ਤਾਂ ਇਲੈਕਟ੍ਰਾਨ, ਫੋਟੋਨ ਵਾਂਗ ਇਹ ਵੀ ਵਿਗਿਆਨ ਦੀ ਪਕੜ 'ਚ ਆ ਜਾਂਦੀ। ਇੱਕ ਪਾਸੇ ਰੱਬ ਨੂੰ ਨਿਰੰਕਾਰ ਕਿਹਾ ਜਾਂਦਾ ਹੈ, ਦੂਜੇ ਪਾਸੇ

ਸਾਕਾਰ ਕਰਕੇ ਉਸ ਦਾ ਅਵਤਾਰ ਵੀ ਕੀਤਾ ਜਾਂਦਾ ਹੈ ਅਤੇ ਉਹ ਆਦਮੀਆਂ ਵਾਲੇ ਹੀ ਕੰਮ ਕਰਦਾ ਹੈ।

**ਪਦਾਰਥ ਦਾ ਵਜ਼ਨ** : ਹਰ ਚੀਜ਼ ਦੇ ਦੋ ਵਜ਼ਨ ਹੁੰਦੇ ਹਨ, ਇੱਕ ਗਤੀ ਵਾਲਾ ਅਤੇ ਇੱਕ ਗਤੀਹੀਨ ਵਜ਼ਨ। ਜਿਵੇਂ ਬੰਦੂਕ ਦੀ ਗੋਲੀ ਦਾ ਵਜ਼ਨ ਕੁਝ ਕੁ ਗ੍ਰਾਮ ਹੁੰਦਾ ਹੈ ਪਰ ਜਦ ਉਹ ਗਤੀ ਨਾਲ ਕਿਸੇ ਚੀਜ਼ 'ਚ ਜਾ ਕੇ ਟਕਰਾਉਂਦੀ ਹੈ ਤਾਂ ਉਸ ਦਾ ਵਜ਼ਨ ਗਤੀ ਦੇ ਹਿਸਾਬ ਨਾਲ ਕਈ ਗੁਣਾ ਵੱਧ ਜਾਂਦਾ ਹੈ। ਸਭ ਤੋਂ ਤੇਜ਼ ਰਫਤਾਰ ਪ੍ਰਕਾਸ਼ ਦੀ ਤਿੰਨ ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਹੁੰਦੀ ਹੈ। ਪ੍ਰਕਾਸ਼ ਵਿੱਚ ਕੇਵਲ ਗਤੀ ਵਾਲਾ ਵਜਨ ਹੁੰਦਾ ਹੈ। ਸੌ ਸਾਲ ਪਹਿਲਾਂ ਪਦਾਰਥ ਨੂੰ ਜੜ੍ਹ ਮੰਨਿਆ ਜਾਂਦਾ ਸੀ, ਪਰ ਹੁਣ ਸਿੱਧ ਹੋ ਚੁੱਕਿਆ ਹੈ ਕਿ ਪਦਾਰਥ ਹਰ ਵਕਤ ਗਤੀ 'ਚ ਹੈ। ਪ੍ਰਿਥਵੀ 'ਤੇ ਪਾਏ ਜਾਂਦੇ 92 ਤੱਤਾਂ 'ਚੋਂ ਰੇਡੀਅਮ ਸਭ ਤੋਂ ਭਾਰਾ ਤੱਤ ਹੈ। ਪਹਿਲਾਂ ਕਿਹਾ ਜਾਂਦਾ ਸੀ ਕਿ ਪ੍ਰਮਾਣੂ ਪਦਾਰਥ ਦਾ ਸਭ ਤੋਂ ਛੋਟਾ ਰੂਪ ਹੈ। ਇਹ ਟੁੱਟ ਨਹੀਂ ਸਕਦਾ। ਪਰ ਹੁਣ ਵਿਗਿਆਨ ਨੇ ਪ੍ਰਮਾਣੂ ਤੋੜ ਕੇ ਹਲਕਾ ਪ੍ਰਮਾਣੂ ਬਣਾ ਲਿਆ ਹੈ। ਹਲਕੇ ਹਾਈਡਰੋਜਨ ਦੇ ਪ੍ਰਮਾਣੂ ਨੂੰ ਇੱਕ ਦੂਜੇ 'ਚ ਵਾੜ ਕੇ ਹੀਲੀਅਮ ਦਾ ਪ੍ਰਮਾਣੂ ਬਣਾਇਆ। ਪ੍ਰਮਾਣੂ 'ਚ ਇਲੈਕ੍ਟ੍ਰਾਨ ਹੁੰਦਾ ਹੈ। ਪ੍ਰਮਾਣੂ ਦਾ ਹੀ ਇੱਕ ਕਣ ਪੋਜੀਟ੍ਰੋਨ ਹੈ। ਇਹ ਦੋਵੇਂ ਫੋਟੋਨ 'ਚ ਬਦਲ ਜਾਂਦੇ ਹਨ। ਬਲਬ 'ਚ ਦਿਸਦੀ ਰੌਸ਼ਨੀ, ਰੇਡੀਓ ਦੀ ਆਵਾਜ਼ ਅਤੇ ਟੈਲੀਵਿਜ਼ਨ ਦੀਆਂ ਤਸਵੀਰਾਂ ਸਭ ਇਨ੍ਹਾਂ ਦੀ ਹੀ ਬਦੌਲਤ ਹਨ। ਰੇਡੀਓ, ਟੀ.ਵੀ. ਦੀਆਂ ਅਣਦਿਸਦੀਆਂ ਤਰੰਗਾਂ ਨਾਲ ਪੂਰੀ ਦੁਨੀਆਂ ਭਰੀ ਪਈ ਹੈ। ਇਹ ਸਭ ਪਦਾਰਥ ਦੇ ਰੂਪ ਹਨ। ਪਦਾਰਥ ਵਿੱਚ ਅਨੰਤ ਗੁਣ ਹਨ ਅਤੇ ਇਨ੍ਹਾਂ ਦਾ ਪਤਾ ਮਨੁੱਖ ਅਨੰਤ ਕਾਲ ਤੱਕ ਲਗਾਉਂਦਾ ਰਹੇਗਾ।

## ਜੀਵ ਨਿਰਜੀਵ

ਵਿਸ਼ੇਸ਼ ਹਾਲਤਾਂ ਵਿੱਚ ਕਈ ਪ੍ਰਕਾਰ ਦੀਆਂ ਰਸਾਇਣਕ ਕ੍ਰਿਆਵਾਂ ਦੁਆਰਾ ਜਦ ਕੋਈ ਸੰਗਠਿਤ ਰਚਨਾ ਸਾਡੇ ਸਾਹਮਣੇ ਆਉਂਦੀ ਹੈ ਤਾਂ ਅਸੀਂ ਉਸ ਨੂੰ ਜੀਵਿਤ ਪ੍ਰਾਣੀ ਕਹਿੰਦੇ ਹਾਂ। ਹਰ ਜੀਵ ਸਰੀਰ ਸੂਖਮ ਸੈੱਲਾਂ ਦਾ ਬਣਿਆ ਹੁੰਦਾ ਹੈ। ਹਰ ਸੈੱਲ ਆਪਣੇ ਆਪ 'ਚ ਸੰਪੂਰਨ ਰਚਨਾ ਹੈ, ਜੋ ਜੀਵਤ ਹੈ ਅਤੇ ਖ਼ੁਰਾਕ ਪਾ ਕੇ ਇੱਕ ਤੋਂ ਦੋ, ਦੋ ਤੋਂ ਚਾਰ 'ਚ ਵੰਡਦਾ ਰਹਿੰਦਾ ਹੈ। ਇਸ ਸੈੱਲ ਵੰਡ ਕਾਰਨ ਹੀ ਜੀਵ ਜੰਤੂ, ਮਨੁੱਖ ਅਤੇ ਬਨਸਪਤੀ ਦੇ ਸਰੀਰ ਬਣਦੇ ਹਨ। ਸਾਰੇ ਜੀਵ ਜੰਤੂ, ਬਨਸਪਤੀ, ਊਰਜਾ, ਸ਼ਕਤੀ, ਜੜ੍ਹ ਆਦਿ ਜੋ ਕੁਝ ਵੀ ਇਸ ਬ੍ਰਹਿਮੰਡ 'ਚ ਹੈ, ਸਭ ਪਦਾਰਥ ਦਾ ਹੀ ਰੂਪ ਹੈ। ਪਦਾਰਥ ਬਿਨਾਂ ਬ੍ਰਹਿਮੰਡ 'ਚ ਭੋਰਾ ਭਰ ਵੀ ਜਗ੍ਹਾ ਖਾਲੀ ਨਹੀਂ ਦਰਅਸਲ ਬ੍ਰਹਿਮੰਡ ਹੀ ਪਦਾਰਥਕ ਹੈ। ਦੁਨੀਆਂ ਦੇ ਹਰ ਕੋਨੇ 'ਚ ਵੱਖ ਵੱਖ ਮਜ਼ਬਾਂ, ਜਤਾਂ ਦੇ ਵਿਗਿਆਨੀ ਲਗਾਤਾਰ ਮਾਨਵ ਜਾਤੀ ਲਈ ਵਿਗਿਆਨਕ ਖੋਜਾਂ ਕਰ ਰਹੇ ਹਨ। ਦੂਜੇ ਪਾਸੇ ਕਰੋੜਾਂ ਅੰਧ ਵਿਸ਼ਵਾਸੀ ਅਜੇ ਵੀ ਹਜ਼ਾਰਾਂ ਸਾਲ ਪੁਰਾਣੇ ਬੰਦੇ ਦੇ ਪੁੱਤ ਰੱਬ ਦਾ ਸਿਮਰਨ ਕਰਨ ਲੱਗੇ ਹੋਏ ਹਨ। ਆਈਨਸਟਾਈਨ ਦੇ ਸਾਪੇਖਤਾ ਦੇ ਸਿਧਾਂਤ ਤੋਂ ਪਹਿਲਾਂ ਲੋਕ ਇਹ

ਸਮਝਦੇ ਸਨ ਕਿ ਹਰ ਵਸਤੂ ਦਾ ਇੱਕ ਹੀ ਭਾਰ ਹੁੰਦਾ ਹੈ। ਪਰ ਹੁਣ ਇਹ ਸਮਝ ਲੱਗੀ ਕਿ ਵੱਖ ਵੱਖ ਗਤੀ 'ਚ ਚੀਜ਼ਾਂ ਦਾ ਭਾਰ ਵੱਖ ਵੱਖ ਹੁੰਦਾ ਹੈ। ਅਸੀਂ ਇੱਕ ਜਗ੍ਹਾ ਪਏ ਪੱਥਰ ਨੂੰ ਦੇਖ ਕੇ ਗਤੀਹੀਣ ਸਮਝਦੇ ਹਾਂ। ਅਸਲ 'ਚ ਉਸ ਵਿੱਚ ਅਸੰਖ ਅਣੂ, ਪ੍ਰਮਾਣੂ, ਇਲੈਕਟ੍ਰਾਨ ਆਦਿ ਨਿਰੰਤਰ ਗਤੀਸ਼ੀਲ ਹਨ। 30 ਲੱਖ ਸਾਲ ਪਹਿਲਾਂ ਰੁੱਖਾਂ 'ਤੇ ਰਹਿਣ ਵਾਲਾ ਇਕੱਲਾ ਮਨੁੱਖ, ਫਿਰ ਝੁੰਡ ਬਣਾ ਕੇ ਫਲ ਸਬਜ਼ੀ ਅਤੇ ਸ਼ਿਕਾਰ ਦੀ ਭਾਲ 'ਚ ਭਟਕਦਾ ਮਨੁੱਖ, ਫਿਰ ਚਰਵਾਹਾ ਅਤੇ ਪਿੰਡਾਂ 'ਚ ਵਸਿਆ ਮਨੁੱਖ, ਫਿਰ ਕਿਸਾਨ, ਕਲ ਪੁਰਜ਼ਿਆਂ ਵਾਲਾ ਮਸ਼ੀਨੀ ਮਨੁੱਖ ਅਤੇ ਹੁਣ ਪੁਲਾੜ ਯਾਤਰੀ, ਇਹ ਸਭ ਗਤੀਸ਼ੀਲਤਾ ਦਾ ਹੀ ਨਤੀਜਾ ਹੈ। ਗਤੀ ਦੇ ਉਲਟ ਜਾਣ ਵਾਲੇ ਪੁਜਾਰੀ, ਛੱਪੜ ਦੇ ਪਾਣੀ ਵਾਂਗ ਖੜ੍ਹੇ ਮੁਸ਼ਕ ਰਹੇ ਹਨ ਅਤੇ ਉਨ੍ਹਾਂ ਦੀ ਸਮਾਜ ਨੂੰ ਭੋਰਾ ਭਰ ਵੀ ਦੇਣ ਨਹੀਂ। ਗਤੀ ਪਦਾਰਥ ਦਾ ਸੁਭਾਅ ਹੈ ਅਤੇ ਗਤੀ ਦੀ ਹੋਂਦ ਤੋਂ ਬਿਨਾਂ ਪਦਾਰਥ ਦੀ ਕਲਪਨਾ ਕਰਨਾ ਗਲਤ ਹੈ। ਗਤੀ ਅਤੇ ਊਰਜਾ ਇੱਕ ਦੂਜੇ 'ਚ ਬਦਲਦੇ ਰਹਿੰਦੇ ਹਨ। ਬ੍ਰਹਿਮੰਡ ਵਿੱਚ 10 ਅਰਬ ਤਾਰਿਆਂ ਦੀਆਂ ਬਸਤੀਆਂ (ਆਕਾਸ਼ ਗੰਗਾਵਾਂ) ਹਨ। ਇਨ੍ਹਾਂ 'ਚ ਸਾਡੀ ਅਕਾਸ਼ ਗੰਗਾ ਵੀ ਇੱਕ ਹੈ। ਸਾਡੀ ਆਕਾਸ਼ ਗੰਗਾ ਵਿੱਚ ਸਾਡੇ ਸੂਰਜ ਵਰਗੇ 10 ਅਰਬ ਤਾਰੇ ਹਨ। ਸਾਡਾ ਸੂਰਜ ਇਸ ਆਕਾਸ਼ ਗੰਗਾ ਦੇ ਇੱਕ ਕਿਨਾਰੇ 'ਤੇ ਹੈ। ਸਾਰੇ ਤਾਰਿਆਂ ਵਿੱਚ ਕਰੋੜਾਂ ਡਿਗਰੀ ਗਰਮੀ ਅਤੇ ਭਾਰੀ ਵਜ਼ਨ ਕਾਰਨ ਉਨ੍ਹਾਂ ਦੇ ਕੇਂਦਰ 'ਚ ਭਾਰੀ ਦਬਾਅ ਹੈ। ਦਬਾਅ ਅਤੇ ਗਰਮੀ ਕਾਰਨ ਪ੍ਰਮਾਣੂ ਇੱਕ ਦੂਜੇ ਨਾਲ ਧੱਸਦੇ ਹਨ। ਇਸ ਤਰ੍ਹਾਂ ਇੱਕ ਪ੍ਰਮਾਣੂ ਆਪਣੇ ਵਜਨ ਤੋਂ ਨੱਬੇ ਅਰਬ ਗੁਣਾ ਵੱਧ ਊਰਜਾ ਪੈਦਾ ਕਰਦਾ ਹੈ (ਬਿਲਕੁੱਲ ਪ੍ਰਮਾਣੂ ਬੰਬ ਦੀ ਤਰ੍ਹਾਂ) ਇਸ ਊਰਜਾ 'ਚੋਂ ਨਿਕਲਿਆ ਪ੍ਰਕਾਸ਼ ਤਿੰਨ ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਦੀ ਰਫਤਾਰ ਨਾਲ ਬ੍ਰਹਿਮੰਡ 'ਚ ਫੈਲ ਜਾਂਦਾ ਹੈ। ਇਹ ਪਦਾਰਥ ਦਾ ਹੀ ਰੂਪ ਹੈ ਅਤੇ ਇਸ ਤਰ੍ਹਾਂ ਪਦਾਰਥ ਸਰਵ ਵਿਆਪਕ ਹੈ। ਦਿਮਾਗ ਦੇ 10 ਅਰਬ ਛੋਟੇ ਛੋਟੇ ਟੁਕੜੇ (ਨਿਊਰੋਨ) ਸੂਚਨਾ ਦਿੰਦੇ ਰਹਿੰਦੇ ਹਨ। ਦਿਮਾਗ ਦਾ ਇੱਥ ਛੋਟਾ ਹਿੱਸਾ ਹੈ, ਜਿਸ ਨੂੰ ਕੋਰਟੈਕਸ ਕਹਿੰਦੇ ਹਨ। ਜਿਸ ਵਿੱਚ ਰਸਾਇਣਕ ਤਰਲ ਸੋਚਣ ਦਾ ਕੰਮ ਕਰਦਾ ਹੈ। ਇਹ ਸੋਚਣ ਪ੍ਰਣਾਲੀ (ਕੋਰਟੈਕਸ) ਹੋਰ ਜੀਵ ਜੰਤੂਆਂ 'ਚ ਨਹੀਂ ਹੁੰਦੀ ਜਾਂ ਨਾਮਾਤਰ ਹੁੰਦੀ ਹੈ। ਆਦਿ ਮਾਨਵ ਦੀ ਇਹ ਸੋਚਣ ਪ੍ਰਣਾਲੀ ਪੂਰੀ ਵਿਕਸਤ ਨਹੀਂ ਹੋਈ ਸੀ। ਉਹ ਸੋਚ ਤਾਂ ਸਕਦਾ ਸੀ ਪਰ ਉਸ ਦੀ ਯਾਦਦਾਸ਼ਤ ਬਹੁਤ ਘੱਟ ਸੀ। ਲੱਖਾਂ ਵਰ੍ਹਿਆਂ 'ਚ ਮਨੁੱਖ ਦੀ ਯਾਦ ਸ਼ਕਤੀ ਦਾ ਵਿਕਾਸ ਹੋਇਆ। ਇਸ ਤਰ੍ਹਾਂ ਲੱਖਾਂ ਵਰ੍ਹੇ ਪਦਾਰਥ ਬਿਨਾ ਚੇਤਨਾ ਤੋਂ ਰਿਹਾ। ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਜੜ੍ਹ ਪਦਾਰਥ 'ਚੋਂ ਹੀ ਚੇਤਨਾ ਦਾ ਜਨਮ ਹੋਇਆ। ਮਾਨਵ ਦਿਮਾਗ ਦਾ ਵਿਕਾਸ ਮਨੁੱਖਾਂ 'ਚ ਰਹਿ ਕੇ ਹੀ ਹੋ ਸਕਦਾ ਹੈ। ਜੇ ਬਚਪਨ ਤੋਂ ਹੀ ਮਨੁੱਖ ਪਸ਼ੂਆਂ 'ਚ ਰਹੇ ਤਾਂ ਉਹ ਦਿਮਾਗੀ ਤੌਰ 'ਤੇ ਪਸ਼ੂਆਂ ਵਰਗਾ ਹੀ ਬਣ ਜਾਵੇਗਾ। 1956 'ਚ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖਰੀ ਦੇ ਜੰਗਲਾਂ 'ਚ ਭੇੜੀਆਂ ਨਾਲ ਇੱਕ ਬੱਚਾ ਰਾਮੂ ਪਕੜਿਆ ਗਿਆ ਸੀ। ਲਖਨਊ ਦੇ ਹਸਪਤਾਲ 'ਚ ਉਸ ਦਾ ਇਲਾਜ ਕਰਵਾਇਆ ਗਿਆ। ਉਹ ਜਾਨਵਰਾਂ ਵਾਂਗ

ਚਾਰ ਪੈਰਾਂ 'ਤੇ ਚੱਲਦਾ ਅਤੇ ਬਿਨਾ ਹੱਥਾਂ ਤੋਂ ਖਾਂਦਾ ਸੀ। ਉਸ ਦੀ ਕੋਈ ਭਾਸ਼ਾ ਨਹੀਂ ਸੀ। ਮਨੁੱਖੀ ਸਮਾਜ ਤੋਂ ਬਾਹਰ ਰਹਿਣ ਕਾਰਨ ਉਸ ਦੇ ਦਿਮਾਗ ਦਾ ਵਿਕਾਸ ਹੀ ਨਹੀਂ ਹੋਇਆ ਸੀ। ਡਾਕਟਰਾਂ ਨੇ ਉਸ ਨੂੰ ਨੌ ਸਾਲ ਜਿਉਂਦਾ ਰੱਖਿਆ ਪਰ ਉਸ ਤੋਂ ਬਾਅਦ ਉਹ ਮਰ ਗਿਆ। ਉਸ ਨੂੰ ਨੌ ਸਾਲ ਦੇ ਰਿਕਾਰਡ ਦਾ ਵਿਗਿਆਨੀ ਆ ਕੇ ਅਧਿਐਨ ਕਰਦੇ ਹਨ। (ਹਵਾਲਾ ਮਹਾਰਾਜ ਸਿੰਘ ਭਾਰਤੀ ਦੀ ਕਿਤਾਬ ਈਸ਼ਵਰ ਕੀ ਖੋਜ) ਇਸ ਤਰ੍ਹਾਂ ਨਵ ਜਨਮੇ ਬੱਚੇ ਤੋਂ ਬਚਪਨ ਦੇ ਸਾਰੇ ਵਿਸ਼ਵਾਸ ਉਸ ਦੇ ਮਾਂ ਪਿਓ ਅਤੇ ਆਲੇ ਦੁਆਲੇ ਦੇ ਮਨੁੱਖ ਉਸ 'ਚ ਭਰਦੇ ਰਹਿੰਦੇ ਹਨ।

## ਸਮਾਜ ਅਤੇ ਮਾਲਕੀ

ਜਦੋਂ ਤੱਕ ਆਦਿ ਮਾਨਵ ਕੁਦਰਤ ਦੀ ਗੋਦ 'ਚ ਪਏ ਪੈਦਾਵਾਰ ਦੇ ਸਾਧਨ ਉੱਪਰ ਹੀ ਨਿਰਭਰ ਸੀ ਤਾਂ ਪਸ਼ੂਆਂ ਦੀ ਤਰ੍ਹਾਂ ਘੁੰਮ ਫਿਰ ਕੇ ਜੀਵਨ ਨਿਰਬਾਹ ਕਰਦਾ ਸੀ। ਹਥਿਆਰ ਬਨਾਉਣ ਅਤੇ ਚਰਵਾਹੇ ਦੇ ਰੂਪ 'ਚ ਦਾਖਲ ਹੋਣ ਤੋਂ ਬਾਅਦ ਉਸ ਦਾ ਝਗੜਾ ਚਰਾਂਦਾ ਲਈ ਦੂਜੇ ਗਿਰੋਹ ਦੇ ਲੋਕਾਂ ਨਾਲ ਹੋਇਆ ਕਰਦਾ ਸੀ। ਇਸੇ ਤਰ੍ਹਾਂ ਅੱਗੇ ਜਾ ਕੇ ਪਿੰਡ, ਕਸਬੇ ਵਸੇ, ਸਮਾਜਿਕ ਹਾਲਤ ਬਣੀ, ਰਾਜ ਪ੍ਰਣਾਲੀ ਦਾ ਜਨਮ ਹੋਇਆ ਤਾਂ ਕੁਝ ਲੋਕ ਅਧਿਕਾਰੀ ਵਰਗ, ਕੁਝ ਜ਼ਮੀਨ ਦੇ ਮਾਲਕ ਬਣ ਗਏ। ਪੈਦਾਵਾਰੀ ਸਾਧਨਾਂ ਉੱਪਰ ਜਿਸ ਦਾ ਕਬਜ਼ਾ ਹੋ ਗਿਆ, ਉਹ ਹੀ ਸਮਾਜ ਦਾ ਅਖੌਤੀ ਵੱਡਾ ਆਦਮੀ ਬਣ ਗਿਆ। ਆਦਮੀ ਦਾ ਖਾਸ ਗੁਣ, ਮਿਹਨਤ ਵੀ ਵਿਕਾਊ ਚੀਜ਼ ਬਣ ਗਈ। ਪੈਦਾਵਾਰੀ ਸਾਧਨਾ ਦਾ ਮਾਲਕ ਦੂਜੇ ਬੰਦਿਆਂ ਨੂੰ ਥੋੜ੍ਹਾ ਜਿਹਾ ਦੇਣ ਤੋਂ ਬਾਅਦ ਪੈਦਾਵਾਰ ਭਾਰੀ ਗਿਣਤੀ 'ਚ ਉਸ ਕੋਲ ਬਚੀ ਰਹਿ ਜਾਂਦੀ। ਜਦ ਤੱਕ ਇਹ ਸਾਰੀ ਪੈਦਾਵਾਰ ਪੂਰੇ ਕਬੀਲੇ ਦੀ ਸੀ, ਉਦੋਂ ਤੱਕ ਕਿਸਮਤ ਅਤੇ ਰੱਬ ਦੀ ਕੋਈ ਜ਼ਰੂਰਤ ਨਹੀਂ ਸੀ। ਥੋੜ੍ਹੇ ਬਹੁਤ ਦੇਵੀ ਦੇਵਤਿਆਂ ਨਾਲ ਕੰਮ ਚੱਲ ਜਾਂਦਾ ਸੀ। ਜਦ ਜਗੀਰਦਾਰੀ ਅਤੇ ਰਾਜਾਸ਼ਾਹੀ ਪੈਦਾ ਹੋ ਗਈ ਤਾਂ ਬੇਚੈਨੀ ਵਧਣ ਲੱਗੀ। ਲੋਕਾਂ ਦੀ ਇਸ ਬੇਚੈਨੀ ਨੂੰ ਰੋਕਣ ਲਈ ਬੰਦੇ ਦਾ ਪੁੱਤ ਰੱਬ ਹੀ ਕੰਮ ਆਇਆ। ਰੱਬ ਚੰਗੇ ਮਾੜੇ ਕਰਮ ਦਾ ਫਲ ਦਿੰਦਾ ਹੈ। ਨਰਕ, ਸੁਰਗ, ਅਗਲਾ ਪਿਛਲਾ ਜਨਮ, ਮੁਕਤੀ ਆਦਿ ਦੀ ਕਲਪਨਾ ਨੇ ਲੋਕਾਂ ਨੂੰ ਵਿਦਰੋਹ ਕਰਨ 'ਚ ਕੁਝ ਰੋਕ ਪਾਈ। ਵਿਹਲੜ ਲੋਕ ਸੰਤ, ਭਗਤ ਬਣ ਕੇ ਨਾਮ ਜਪਣ ਦਾ ਉਪਦੇਸ਼ ਦੇਣ ਲੱਗੇ। ਪਾਂਡੇ, ਪੁਜਾਰੀ, ਪੁਰੋਹਿਤ ਨਵੇਂ ਨਵੇਂ ਢੰਗ ਨਾਲ ਪੈਦਾ ਹੋਣ ਲੱਗੇ। ਭਗਵਾਨ ਦੇ ਨਾ 'ਤੇ ਤੀਰਥ, ਵਰਤ, ਤਿਉਹਾਰ ਮਨਾਏ ਜਾਣ ਲੱਗੇ। ਸਮਾਜ 'ਚ ਕਿਰਤੀਆਂ ਦੀ ਕਮਾਈ ਲੁੱਟਣ ਵਾਲਾ ਇੱਕ ਵਰਗ ਰਾਜਾ ਅਤੇ ਪੁਰੋਹਿਤ ਬਣ ਗਿਆ। ਅੱਜ ਤੱਕ ਦੋਵੇਂ ਨੇਤਾ ਅਤੇ ਪੁਜਾਰੀ ਇੱਕ ਦੂਜੇ ਦੇ ਪੂਰਕ ਬਣੇ ਹੋਏ ਹਨ। ਰਾਜਾ ਰੱਬ ਦੇ ਭਗਤਾਂ ਦੀ ਪੂਜਾ ਕਰਨ ਲੱਗਾ ਅਤੇ ਭਗਤ, ਰਾਜੇ ਨੂੰ ਰੱਬ ਵੱਲੋਂ ਭੇਜਿਆ ਆਦਮੀ ਕਹਿਣ ਲੱਗੇ। ਹੁਣ ਰਾਜਿਆਂ ਦੀ ਜਗ੍ਹਾ ਪੂੰਜੀਪਤੀਆਂ (ਲੀਡਰਾਂ) ਨੇ ਲੈ ਲਈ ਹੈ।

# ਆਦਿ ਮਾਨਵ ਦੇ ਅੰਧ-ਵਿਸ਼ਵਾਸ

ਅੱਜ ਕੱਲ੍ਹ ਸੱਭਿਆ ਮਨੁੱਖਾਂ ਵਿੱਚ ਜਿਹੜੇ ਬਹੁਤ ਸਾਰੇ ਅੰਧਵਿਸ਼ਵਾਸ ਮਿਲਦੇ ਹਨ, ਇਹ ਆਦਿ ਮਾਨਵ ਦੇ ਕਠੋਰ ਵਿਚਾਰਾਂ ਦੀਆਂ ਯਾਦਗਾਰਾਂ ਹੀ ਹਨ। ਵਿਗਿਆਨੀਆਂ ਦੀ 100 ਸਾਲ ਦੀ ਲਗਾਤਾਰ ਖੋਜ ਅਨੁਸਾਰ ਆਦਿ ਮਨੁੱਖ ਬੱਚਿਆਂ ਵਾਂਗ ਸੋਚਦਾ ਸੀ। ਅੱਜ ਵੀ ਬਹੁਤ ਸਾਰੇ ਲੋਕ ਕਲਪਨਾ ਅਤੇ ਮਨੋਵਿਚਾਰਾਂ ਦੇ ਆਸਰੇ ਜਿਉਂਦੇ ਹਨ। ਪੰਜ ਹਜ਼ਾਰ ਸਾਲ ਤੋਂ ਪਹਿਲਾਂ ਤਾਂ ਬਿਲਕੁੱਲ ਹੀ ਇਵੇਂ ਸੀ। ਆਦਿ ਮਨੁੱਖ ਵਿੱਚ ਆਪਣੇ ਬਜ਼ੁਰਗਾਂ ਲਈ ਜਿਹੜਾ ਆਦਰ ਅਤੇ ਡਰ ਸੀ, ਉਨ੍ਹਾਂ ਜ਼ਜ਼ਬਿਆਂ ਨੇ ਸੁਪਨਿਆਂ ਅਤੇ ਕਲਪਨਾਵਾਂ ਦੇ ਕਾਰਨ ਆਦਿ ਮਨੁੱਖ ਦੇ ਵਿਸ਼ਵਾਸ਼ ਭਾਵ ਧਰਮ ਦਾ ਮੁਢਲਾ ਰੂਪ ਧਾਰਨ ਕੀਤਾ। ਆਦਿ ਕਾਲ ਦਾ ਮਨੁੱਖ ਕਾਰਜ ਦੇ ਨਾਲ ਕਾਰਨ ਦਾ ਸਬੰਧ ਸਮਝਣ ਦੇ ਸਮਰੱਥ ਨਹੀਂ ਸੀ ਹੋਇਆ। ਅਕਸਰ ਹੀ ਕਾਰਜ ਦਾ ਕਾਰਨ ਗਲਤ ਮਿਥ ਲੈਂਦਾ ਸੀ। ਇਸ ਕਰਕੇ ਮਨੁੱਖ ਟੂਣੇ ਟੋਟਕਿਆਂ ਦੇ ਰਾਹ ਪਿਆ। ਅੱਜ ਵੀ ਟੂਣਾ, ਟੋਟਕਾ, ਪੁੱਛਾਂ ਦੇਣ ਦਾ ਕਾਰਨ ਭੋਲੇ ਲੋਕਾਂ ਲਈ ਵਿਗਿਆਨ ਹੈ। ਮਨੁੱਖ ਜੰਗਲੀ ਖੁਰਾਕ ਪ੍ਰਾਪਤ ਕਰਨ ਅਤੇ ਮੱਛੀਆਂ ਫੜ੍ਹਣ ਸਮੇਂ ਜੰਤਰਾਂ, ਮੰਤਰਾਂ ਅਤੇ ਸ਼ਗਨਾਂ ਦੀ ਸਹਾਇਤਾ ਲੈਣ ਲੱਗਾ। ਇਸ ਤੋਂ ਬਿਨਾਂ ਉਹ ਮੌਤ ਅਤੇ ਰੋਗਾਂ (ਮਹਾਂਮਾਰੀਆਂ) ਤੋਂ ਡਾਹਢਾ ਬੇਚੈਨ ਸੀ। ਕਈ ਮਹਾਂਮਾਰੀਆਂ ਨਾਲ ਹਜ਼ਾਰਾਂ ਮਨੁੱਖਾਂ ਦਾ ਸਫਾਇਆ ਹੋ ਜਾਂਦਾ। ਇਨ੍ਹਾਂ 'ਚੋਂ ਹੀ ਅਰਦਾਸਾਂ ਨੇ ਜਨਮ ਲਿਆ। ਉਹ ਕਿਸੇ ਦੂਜੇ ਮਨੁੱਖ, ਪਸ਼ੂ ਜਾਂ ਜਾਨਵਰਾਂ ਅੱਗੇ ਅਰਦਾਸ ਕਰਦਾ। ਇਸ ਸਮੇਂ ਟੂਣੇ ਟੋਟਕੇ ਕਰਨ ਵਾਲੇ ਮਨੁੱਖ ਮਾਹਿਰ ਅਖਵਾਉਂਦੇ ਸਨ ਅਤੇ ਦਾਰੂ ਦਰਮਲ ਵੀ ਕਰਦੇ ਸਨ। ਉਨ੍ਹਾਂ ਨੇ ਕੁਝ ਕਲਪਿਤ ਦੇਵੀ, ਦੇਵਤੇ ਸਿਰਜੇ ਜਿਵੇਂ ਚੇਚਕ ਦੀ ਬਿਮਾਰੀ ਲਈ ਸ਼ੀਤਲਾ ਮਾਤਾ ਦੀ ਜਿੰਮੇਵਾਰੀ ਬਣਾਈ ਗਈ। ਅੱਜ ਵਿਗਿਆਨ ਨੇ ਚੇਚਕ ਦੀ ਬਿਮਾਰੀ ਖਤਮ ਕਰ ਦਿੱਤੀ ਹੈ ਪਰ ਸ਼ੀਤਲਾ ਮਾਤਾ ਦੇ ਮੰਦਿਰ ਅਜੇ ਵੀ ਕਾਇਮ ਹਨ। ਇਸ ਸ਼੍ਰੇਣੀ ਦੇ ਮਨੁੱਖ ਹੀ ਅੱਗੇ ਜਾ ਕੇ ਪ੍ਰੋਹਿਤ ਜਾਂ ਧਰਮ ਉਪਦੇਸ਼ਕ ਬਣੇ। ਅਜੋਕੇ ਧਰਮ ਆਦਿ ਆਦਿਮਾਨਵ ਦੀ ਹੀ ਦੇਣ ਹਨ। ਈਸਾ ਮਸੀਹ ਤੋਂ ਦਸ ਹਜ਼ਾਰ ਸਾਲ ਪਹਿਲਾਂ ਮਨੁੱਖ ਜਾਤੀ ਨਵੇਂ ਪੱਥਰ ਯੁੱਗ ਤੱਕ ਪੁੱਜ ਗਈ ਸੀ। ਫਸਲ ਦੀ ਬਿਜਾਈ ਕਟਾਈ ਲਈ ਖ਼ੂਨ ਦੀ ਭੇਟਾ (ਨਰਬਲੀ) ਦੇਣੀ ਜ਼ਰੂਰੀ ਸਮਝੀ ਗਈ, ਕਿਉਂਕਿ ਮਨੁੱਖ ਨੂੰ ਉਦੋਂ ਬਿਜਾਈ ਆਦਿ ਕਰਨ ਵਾਸਤੇ ਰੁੱਤਾਂ ਦਾ ਗਿਆਨ ਨਹੀਂ ਸੀ। ਪਹਿਲੇ ਪਹਿਲ ਸਮੇਂ ਦਾ ਹਿਸਾਬ ਚੰਨ ਨੂੰ ਦੇਖ ਕੇ ਲਾਇਆ ਜਾਂਦਾ ਸੀ। ਹੌਲੀ ਹੌਲੀ ਤਾਰੇ ਅਤੇ ਨਛੱਤਰਾਂ ਦੇ ਗਿਆਨ ਨਾਲ ਮਨੁੱਖ ਨਛੱਤਰਾਂ ਦੀ ਪੂਜਾ ਕਰਨ ਲੱਗਾ। ਮੁਢਲੇ ਪ੍ਰੋਹਿਤ ਉਸ ਨੂੰ ਬੀਜਣ ਸਮੇਂ ਸਹੀ ਟਾਈਮ ਦੱਸਦੇ ਅਤੇ ਪੂਜਾ ਲੈਂਦੇ। ਕਈ ਵਾਰੀ ਜੋਤਸ਼ੀ ਧਰਤੀ ਸੁੱਤੀ ਪਈ ਹੈ ਕਹਿ ਕੇ ਕਿਸਾਨ ਨੂੰ ਬਿਜਾਈ ਕਰਨ ਤੋਂ ਰੋਕ ਦਿੰਦੇ। ਨਛੱਤਰਾਂ ਬਾਰੇ ਜਾਣਕਾਰੀ ਰੱਖਣ ਵਾਲੇ ਸਿਆਣੇ ਅਤੇ ਅਨੁਭਵੀ ਮਨੁੱਖਾਂ ਦਾ ਸਮਾਜ 'ਚ ਵਿਸ਼ੇਸ਼ ਰੁਤਬਾ ਸੀ। ਈਸਾ ਮਸੀਹ ਤੋਂ ਇੱਕ ਹਜ਼ਾਰ ਸਾਲ ਪਹਿਲਾਂ ਅਮਰੀਕਾ ਦੇ ਸਾਰੇ ਦੇਸ਼ ਪ੍ਰੋਹਿਤਾਂ ਰਾਹੀਂ ਧਰਮ ਅਤੇ ਰਾਜ ਤੋਰ

ਰਹੇ ਸਨ। ਇਨ੍ਹਾਂ ਪ੍ਰੋਹਿਤਾ ਨੇ ਜੋਤਿਸ਼ ਵਿੱਚ ਚੰਗੀ ਨਿਪੁੰਨਤਾ ਹਾਸਲ ਕਰ ਲਈ ਸੀ। ਵਰ੍ਹੇ ਦੀਆਂ ਜੰਤਰੀਆਂ ਤਿਆਰ ਕਰਨ 'ਚ ਇਹ ਪ੍ਰੋਹਿਤ ਲੋਕ ਆਪਣੀ ਸਾਰੀ ਅਕਲ ਲਾ ਦਿੰਦੇ ਸਨ। ਯੁੱਗਾਂ ਯੁੱਗਾਂ ਤੱਕ ਇਹ ਲੋਕ ਆਪਣੇ ਦੇਵਤਿਆਂ 'ਤੇ ਹੈਰਾਨ ਹੁੰਦੇ ਬਲੀਦਾਨ ਕਰਦੇ ਰਹੇ। ਮਨੁੱਖ ਜਾਤੀਆਂ, ਕਬੀਲੇ ਹਮੇਸ਼ਾਂ ਇੱਥੇ ਇੱਕ ਦੂਜੇ ਨਾਲ ਯੁੱਧ ਕਰਦੇ ਰਹਿੰਦੇ। ਈਸਾ ਤੋਂ 1500 ਸਾਲ ਪਹਿਲਾਂ ਮੱਧ ਏਸ਼ੀਆ 'ਚੋਂ ਆਰੀਅਨ ਕੌਮਾਂ ਆਸੇ ਪਾਸੇ ਖਿੰਡ ਗਈਆਂ। ਸੰਸਕ੍ਰਿਤ ਭਾਸ਼ਾ ਬੋਲਣ ਵਾਲੀਆਂ ਇਹ ਜਾਤੀਆਂ ਪੱਛਮੀ ਦਰ੍ਹਿਆਂ ਰਹੀਂ ਉੱਤਰ ਭਾਰਤ ਵਿੱਚ ਪੁੱਜ ਚੁੱਕੀਆਂ ਸਨ। ਇੱਥੇ ਇਨ੍ਹਾਂ ਦਾ ਵਾਹ ਕਾਲੇ ਰੰਗ ਦੀਆਂ ਦ੍ਰਾਵਿੜ ਕੌਮਾਂ ਨਾਲ ਪਿਆ।

ਇਸ ਸਮੇਂ ਯਹੂਦੀ ਸਮਾਜ ਵਿੱਚ ਅੰਜ਼ੀਲ ਦੀਆਂ ਆਰੰਭਿਕ ਪੁਸਤਕਾਂ ਪੜ੍ਹੀਆਂ ਜਾ ਰਹੀਆਂ ਸਨ। ਉਸ ਸਮੇਂ ਪ੍ਰਾਪਤ ਅੰਜ਼ੀਲ ਦੀਆਂ ਪੰਜ ਪੁਸਤਕਾਂ ਹਿਬਰੂ ਅੰਜ਼ੀਲ ਦਾ ਅੰਗ ਬਣੀਆਂ। ਅੰਜ਼ੀਲ ਵਿੱਚ ਦਿੱਤੇ ਸ੍ਰਿਸ਼ਟੀ ਦੀ ਰਚਨਾ, ਆਦਮ ਅਤੇ ਹਵਾ, ਕਾਲ ਪਰਲੋ ਆਦਿ ਬਿਰਤਾਂਤ ਪ੍ਰਚਲਿਤ ਲੋਕ ਕਥਾਵਾਂ ਅਨੁਸਾਰ ਹਨ। ਇਨ੍ਹਾਂ ਕਹਾਣੀਆਂ ਨੂੰ ਹੀ ਬਾਈਬਲ ਅਤੇ ਕੁਰਾਨ ਵਿੱਚ ਵੱਖ-ਵੱਖ ਤਰ੍ਹਾਂ ਨਾਲ ਵਿਸਥਾਰ ਦਿੱਤਾ ਗਿਆ। ਯਹੂਦੀਆਂ ਦੇ ਹਜ਼ਰਤ ਮੂਸਾ ਅਤੇ ਇਬਰਾਹੀਮ ਆਦਿ ਤਿੰਨ ਹਜ਼ਾਰ ਸਾਲ ਪਹਿਲਾਂ ਰੱਬ ਦੀ ਕਲਪਨਾ ਕਰਨ ਵਾਲਿਆਂ 'ਚੋਂ ਸਨ। ਉਸ ਤੋਂ ਪਹਿਲਾਂ ਰੱਬ ਦਾ ਕਿਤੇ ਕੋਈ ਜ਼ਿਕਰ ਨਹੀਂ ਮਿਲਦਾ। ਰੱਬ ਦੀ ਅਦ੍ਰਿਸ਼ਟਤਾ ਅਤੇ ਉਸ ਦਾ ਨਿਵਾਸ ਕਿਤੇ ਦੂਰ-ਦੁਰਾਡੇ ਹੋਣ ਦੀ ਕਲਪਨਾ ਯਹੂਦੀਆਂ ਦਾ ਮੁੱਖ ਵਿਚਾਰ ਸੀ। ਇਸ ਕੌਮ ਦੇ ਵਿਸ਼ਵਾਸ਼ ਅਨੁਸਾਰ ਅਦਿੱਖ ਪ੍ਰਮੇਸ਼ਵਰ ਦਾ ਨਿਵਾਸ ਮਨੁੱਖ ਦੇ ਬਣਾਏ ਮੰਦਰਾਂ 'ਚ ਨਹੀਂ ਸੀ ਹੋ ਸਕਦਾ। ਹੋਰ ਸਾਰੀਆਂ ਕੌਮਾਂ ਦੇਵੀ ਦੇਵਤਿਆਂ ਨੂੰ ਮੰਨਦੀਆਂ ਸਨ। ਪਰ ਬਲੀਦਾਨਾਂ ਅਤੇ ਪੂਜਾ ਤੋਂ ਪਰ੍ਹੇ ਸੁਰਗ 'ਚ ਬੈਠੇ ਰੱਬ ਦੀ ਕਲਪਨਾ ਯਹੂਦੀਆਂ ਦਾ ਨਵਾਂ ਵਿਚਾਰ ਸੀ। ਉਹ ਆਪਣੇ ਆਪ ਨੂੰ ਰੱਬ ਵੱਲੋਂ ਬਣਾਈ ਵਿਸ਼ੇਸ਼ ਕੌਮ ਸਮਝਦੇ ਸਨ। (ਜਿਸ ਤਰ੍ਹਾਂ ਹਿਟਲਰ ਨੇ ਸੰਸਾਰ ਦੀ ਲੁੱਟ ਕਰਨ ਲਈ ਆਰੀਅਨਾਂ ਨੂੰ ਵਿਸ਼ੇਸ਼ ਕੌਮ ਦਾ ਦਰਜਾ ਦਾ ਦਰਜਾ ਦੇ ਕੇ ਯਹੂਦੀਆਂ ਦੇ ਸਫਾਏ ਦੇ ਨਾਹਰਾ ਦਿੱਤਾ ਪਰ ਸਫਾਇਆ ਹਰਕੇ ਵਿਰੋਧੀ ਦਾ ਕਰਦਾ ਰਿਹਾ) ਅੰਜ਼ੀਲ 'ਤੇ ਵਿਸ਼ਵਾਸ਼ ਕਾਰਨ ਇਨ੍ਹਾਂ ਲੋਕਾਂ ਦੀ ਆਪਸੀ ਏਕਤਾ ਬਣੀ ਰਹੀ। ਅੰਜ਼ੀਲ ਪੜ੍ਹਣ 'ਤੇ ਪਤਾ ਲੱਗਦਾ ਹੈ ਕਿ ਉਸ ਵੇਲੇ ਪੈਗੰਬਰ ਅਖਵਾਉਣ ਵਾਲੀ ਨਵੀਂ ਹਸਤੀ ਪ੍ਰਗਟ ਹੋਣੀ ਸ਼ੁਰੂ ਹੋ ਗਈ ਸੀ। ਇਹ ਪੈਗੰਬਰ ਅਮੋਸ (ਮੂਸਾ) ਆਜੜੀਆਂ ਦੀ ਕੌਮ ਦੇ ਹੋਣ ਕਾਰਨ ਬੱਕਰੀਆਂ ਦੀ ਖੱਲ ਪਹਿਨਦੇ ਸਨ। ਇਹ ਇੱਕੋ ਰੱਬ ਦੀ ਅਰਾਧਨਾ ਕਰਦੇ ਅਤੇ ਲਕੋਂ ਨਾਲ ਸਿੱਧੀਆਂ ਗੱਲਾਂ ਕਰਦੇ। ਬਿਨਾਂ ਕਿਸੇ ਦੀ ਆਗਿਆ ਜਾਂ ਸਿੱਖਿਆ ਦੇ ਇਹ ਲੋਕਾਂ ਨੂੰ ਉਪਦੇਸ਼ ਦੇਣ ਲੱਗ ਜਾਂਦੇ। ਸੰਸਾਰ ਮਾਲਕ ਨੇ ਮੈਨੂੰ ਇਹ ਹੁਕਮ ਦਿੱਤਾ ਹੈ, ਉਨ੍ਹਾਂ ਦਾ ਮੂਲ ਮੰਤਰ ਸੀ। ਇਹ ਰਾਜਨੀਤੀ ਵਿੱਚ ਹਿੱਸਾ ਲੈਂਦੇ। ਰਾਜਿਆਂ ਦੇ ਘੋਰ ਪਾਪਾਂ ਅਤੇ ਪੁਰੋਹਿਤ ਜਾਤੀ ਦੇ ਆਲਸ ਦੀ ਨਿੰਦਿਆ ਕਰਦੇ। ਉਹ ਕਹਿੰਦੇ ਕਿ ਅਮੀਰ ਲੋਕ, ਗਰੀਬ ਦਾ ਖ਼ੂਨ ਚੂਸਦੇ ਹਨ, ਜਿਸ ਤੋਂ ਜਿਹੋਵਾ (ਰੱਬ) ਨੂੰ ਸਖਤ ਘ੍ਰਿਣਾ ਹੈ। ਜਿੱਥੇ ਜਿੱਥੇ ਵੀ ਯਹੂਦੀ ਲੋਕ ਗਏ, ਇਹ ਵਿਚਾਰ ਵੀ ਉਨ੍ਹਾਂ ਦੇ ਨਾਲ ਹੀ ਸੰਸਾਰ ਵਿੱਚ ਖਿੰਡ ਗਏ।

ਜਦੋਂ ਯਹੂਦੀ ਪੈਗੰਬਰ ਸਭ ਥਾਂ ਇੱਕ ਈਸ਼ਵਰ ਅਤੇ ਸਦਭਾਵਨਾ ਦਾ ਪ੍ਰਚਾਰ ਕਰ ਰਹੇ ਸਨ। ਉਦੋਂ ਯੂਨਾਨ ਦੇ ਫਿਲਾਸਫਰ ਮਨੁੱਖਤਾ ਨੂੰ ਬੌਧਿਕ ਜਗਿਆਸਾ ਦੇ ਨਵੇਂ ਢੰਗ ਸਿਖਾ ਰਹੇ ਸਨ। ਯੂਨਾਨੀ, ਆਰੀਅਨ ਜਾਤੀ ਦੀ ਹੀ ਇੱਕ ਸ਼ਾਖਾ ਸਨ। ਇੱਕ ਹਜ਼ਾਰ ਈਸਾ ਪੂਰਵ ਤੋਂ ਪਹਿਲਾਂ ਯੂਨਾਨੀਆਂ ਦੇ ਮਹਾਂਕਾਵਿ ਉਡੀਸੀਅਸ ਤੋਂ ਪਤਾ ਚੱਲਦਾ ਹੈ ਕਿ ਉਹ ਉਦੋਂ ਅਜੇ ਪਛੜੀ ਹਾਲਤ ਵਿੱਚ ਹੀ ਸਨ। 700 ਈ.ਪੂ. ਯੂਨਾਨੀ ਨਗਰਾਂ ਦਾ ਵਪਾਰ ਅਤੇ ਮਹੱਤਤਾ ਵਧਣ ਲੱਗੀ। ਗਿਆਨ ਪ੍ਰਾਪਤੀ ਅਤੇ ਜੀਵਨ ਰਹੱਸਾਂ ਨੂੰ ਜਾਨਣ ਲਈ ਹੁਣ ਹੋਰ ਲੋਕ ਵੀ ਯਤਨਸ਼ੀਲ ਸਨ ਜਦੋਂ ਕਿ ਪਹਿਲਾਂ ਗਿਆਨ 'ਤੇ ਸਿਰਫ ਪ੍ਰੋਹਿਤਾਂ ਦਾ ਹੀ ਅਧਿਕਾਰ ਸੀ। ਉਸ ਸਮੇਂ ਭਾਰਤ ਵਿੱਚ ਗੌਤਮ ਬੁੱਧ ਅਤੇ ਚੀਨ ਵਿੱਚ ਕਾਨਫੂਨਸ ਅਤੇ ਲਾਓ ਤੁਸੀ ਆਪਣਾ ਗਿਆਨ ਬਿਖੇਰ ਰਹੇ ਸਨ। ਉਸ ਵੇਲੇ ਏਥਨਜ਼ ਤੋਂ ਲੈ ਕੇ ਸ਼ਾਂਤ ਮਹਾਂਸਾਗਰ ਤੱਕ ਮਨੁੱਖੀ ਦਿਮਾਗ ਵਿੱਚ ਬੇਹੱਦ ਖਲਬਲੀ ਮੱਚੀ ਹੋਈ ਸੀ ਜਾਂ ਇਉਂ ਕਹਿ ਸਕਦੇ ਹੋ ਕਿ ਦੋ ਹਜ਼ਾਰ ਸਾਲ ਦਾ ਬਬਪਨਾ ਤਿਆਗ ਕੇ ਮਨੁੱਖਤਾ ਜਵਾਨੀ 'ਚ ਪੈਰ ਧਰ ਰਹੀ ਸੀ। 400 ਈ.ਪੂ. ਯੂਨਾਨ ਦਾ ਫਿਲਾਸਫਰ ਸੁਕਰਾਤ ਇਸ ਲਈ ਪ੍ਰਸਿੱਧੀ ਪ੍ਰਾਪਤ ਕਰ ਰਿਹਾ ਸੀ ਕਿਉਂਕਿ ਦੇਵੀ ਦੇਵਤਿਆਂ ਅਤੇ ਫਜ਼ੂਲ ਰਸਮਾਂ ਦਾ ਖੰਡਨ ਕਰ ਰਿਹਾ ਸੀ। 399 ਈ.ਪੂ. 'ਚ ਉਸ ਨੂੰ ਨੌਜਵਾਨਾਂ ਨੂੰ ਭੜਕਾਉਣ ਦੇ ਦੋਸ਼ 'ਚ ਜ਼ਹਿਰ ਦਾ ਪਿਆਲਾ ਪੀਣਾ ਪਿਆ। ਉਸ ਦੇ ਚੇਲੇ ਅਫਲਾਤੂਨ (ਪਲੈਟੋ) ਨੇ ਰੀਪਬਲਿਕਨ ਨਾਮੀ ਗ੍ਰੰਥ ਦੀ ਰਚਨਾ ਕੀਤੀ। ਅਰਸਤੂ ਨੇ ਇਸ ਵਿੱਚ ਲੋਕਤੰਤਰ ਦੀ ਕਲਪਨਾ ਕੀਤੀ।

## ਗੌਤਮ ਬੁੱਧ

600 ਈ.ਪੂ. ਭਾਰਤ 'ਚ ਹਿਮਾਲਾ ਦੀਆਂ ਢਲਵਾਣਾ ਹੇਠ ਨੇਪਾਲ 'ਚ ਗੌਤਮ ਬੁੱਧ ਦਾ ਜਨਮ ਹੋਇਆ। ਉਸ ਵੇਲੇ ਬ੍ਰਾਹਮਣਾਂ ਦਾ ਬੋਲਬਾਲਾ ਸੀ ਅਤੇ ਕਸ਼ੱਤਰੀ ਹਾਰ ਗਏ ਸਨ। ਇਸ ਲਈ ਗੌਤਮ ਬੁੱਧ ਨੇ ਬ੍ਰਾਹਮਣਵਾਦ ਦੀ ਹਾਰ ਲਈ ਸਿਧਾਂਤ ਖੋਜਣ ਲਈ ਉਸ ਵੇਲੇ ਦੀ ਚਲਦੀ ਰੀਤ ਅਨੁਸਾਰ ਤਪੱਸਿਆ ਦਾ ਮਨ ਬਣਾਇਆ। ਗੌਤਮ ਬੁੱਧ ਨੇ ਜੰਗਲ 'ਚ ਸਰੀਰ ਨੂੰ ਘੋਰ ਕਸ਼ਟ ਦਿੱਤੇ। ਇੱਕ ਦਿਨ ਉਹ ਭੁੱਖਾ ਤਿਹਾਇਆ ਬੇਹੋਸ਼ ਹੋ ਕੇ ਡਿੱਗ ਪਿਆ। ਉਸ ਨੂੰ ਸਮਝ ਆ ਗਈ ਕਿ ਜਾਦੂ-ਟੂਣਿਆਂ ਵਾਂਗ ਇਨ੍ਹਾਂ ਸਾਧਨਾਵਾਂ ਨਾਲ ਵੀ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਉਸ ਨੇ ਵਰਤ ਤਿਆਗ ਕੇ ਭੋਜਨ ਕਰਨਾ ਸ਼ੁਰੂ ਕਰ ਦਿੱਤਾ। ਇਸ 'ਤੇ ਉਸ ਦੇ ਪੰਜ ਚੇਲੇ ਉਸ ਨੂੰ ਛੱਡ ਕੇ ਬਨਾਰਸ ਵੱਲ ਚਲੇ ਗਏ। ਗੌਤਮ ਇਕੱਲਿਆਂ ਸੋਚਵਾਨ ਹੋ ਗਿਆ। ਜਦੋਂ ਅਸੀਂ ਕਿਸੇ ਗੰਭੀਰ ਸਮੱਸਿਆ 'ਤੇ ਲਗਾਤਾਰ ਵਿਚਾਰ ਕਰਦੇ ਹਾਂ ਤਾਂ ਉਸ ਵਿਸ਼ੇ ਦਾ ਗਿਆਨ ਸਾਡੇ ਦਿਮਾਗ 'ਚ ਐਨਾ ਵੱਧਦਾ ਹੈ ਕਿ ਇੱਕ ਦਿਨ ਸਾਡਾ ਦਿਮਾਗ ਜੋਤ ਵਾਂਗ ਪ੍ਰਕਾਸ਼ਮਾਨ ਹੋ ਜਾਂਦਾ ਹੈ। ਬਿਹਾਰ ਦੇ ਨਗਰ ਗਯਾ 'ਚ ਬੋਹੜ ਥੱਲੇ ਅਜਿਹੀ ਹੀ ਹਾਲਤ ਗੌਤਮ ਬੁੱਧ ਦੀ ਹੋਈ। ਉਸ ਨੂੰ ਇੱਕ ਦਮ ਸਪੱਸ਼ਟ ਹੋ ਗਿਆ ਅਤੇ ਉਹ ਤਰਕ ਵਿਧੀ ਨਾਲ ਉਪਦੇਸ਼ ਦੇਣ ਲੱਗੇ। ਉਸ ਨੇ ਕਿਹਾ ਕਿ ਰੱਬ ਦੀ ਕੋਈ ਹੋਂਦ ਨਹੀਂ। ਮਨੁੱਖ ਦੀਆਂ ਵਾਸ਼ਨਾਵਾਂ ਹੀ ਦੁੱਖਾਂ ਦਾ ਮੂਲ ਕਾਰਨ ਹਨ।

ਪ੍ਰਮਾਤਮਾ ਦਾ ਭੈਅ ਖਾ ਕੇ ਚੱਲਣ ਵਾਲਿਆਂ ਦੇ ਉਪਦੇਸ਼ ਨਾਲੋਂ ਗੌਤਮ ਕਿਤੇ ਜ਼ਿਆਦਾ ਸਪੱਸ਼ਟ ਅਤੇ ਗਿਆਨ ਦੀ ਕਸਵੱਟੀ 'ਤੇ ਪੂਰਾ ਉੱਤਰਦਾ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਚੇਲਿਆਂ ਨੂੰ ਪ੍ਰਚਾਰ ਕਰ ਦਿੱਤਾ ਕਿ ਅੰਤਿਮ ਬੁੱਧ ਸਨ। ਉਨ੍ਹਾਂ ਦੇ ਜੀਵਨ ਨਾਲ ਅਜੀਬੋ ਗਰੀਬ ਕਰਾਮਾਤਾਂ ਜੋੜ ਦਿੱਤੀਆਂ ਗਈਆਂ, ਜਿਹਨਾਂ ਦਾ ਗੌਤਮ ਬੁੱਧ ਖੁਦ ਵਿਰੋਧੀ ਸੀ। ਗੌਤਮ ਨੇ ਕਿਹਾ ਸੀ ਕਿ ਕੋਈ ਵੀ ਕਾਰਜ ਕਾਰਨ ਤੋਂ ਬਿਨਾਂ ਨਹੀਂ ਹੋ ਸਕਦਾ। ਕਾਰਨ ਅਤੇ ਕਾਰਜ ਦਾ ਨਿਯਮ ਅਟੱਲ ਹੈ। ਉਸ ਨੇ ਆਪਣੇ ਭਿਕਸ਼ੂਆਂ ਨੂੰ ਕਿਹਾ ਕਿ ਹਰ ਗੱਲ ਨੂੰ ਤਰਕ ਦੀ ਕਸਵੱਟੀ 'ਤੇ ਪਰਖ ਕੇ ਮੰਨੋ। ਮੇਰੀ ਵੀ ਕਿਸੇ ਗੱਲ ਨੂੰ ਇਸ ਲਈ ਨਾ ਮੰਨੋ ਕਿ ਇਹ ਮੈਂ ਕਹੀ ਹੈ। ਜੇ ਤਰਕ 'ਤੇ ਪੂਰੀ ਉੱਤਰਦੀ ਹੈ ਤਾਂ ਹੀ ਇਸ ਨੂੰ ਮੰਨਿਆ ਜਾਵੇ। ਉਸ ਨੇ ਕਿਹਾ ਸੀ ਕਿ ਝੂਠ ਸਭ ਤੋਂ ਬੁਰੀ ਅਲਾਮਤ ਹੈ। ਹਾਸੇ ਭਾਣੇ ਬੋਲਿਆਂ ਝੂਠ ਵੀ ਉਨ੍ਹਾਂ ਹੀ ਖਤਰਨਾਕ ਹੈ ਜਿੰਨਾ ਸੱਚੀਮੁੱਚੀ ਬੋਲਿਆਂ ਝੂਠ।

ਬ੍ਰਾਹਮਣਵਾਦ ਨੂੰ ਲੱਗੀ ਤਕੜੀ ਸੱਟ ਕਾਰਨ ਬ੍ਰਾਹਮਣ, ਬੋਧੀਆਂ 'ਚ ਘੁਸਪੈਠ ਕਰ ਗਏ ਅਤੇ ਉਨ੍ਹਾਂ ਬੁੱਧ ਨੂੰ ਹਿੰਦੂਆਂ ਦਾ 9ਵਾਂ ਅਵਤਾਰ ਐਲਾਨ ਕਰ ਦਿੱਤਾ। ਉਹ ਬੁੱਧ ਨੂੰ ਵਿਸ਼ਨੂੰ ਦਾ ਅਵਤਾਰ ਵੀ ਕਹਿੰਦੇ ਰਹੇ ਅਤੇ ਆਦਿ ਸ਼ੰਕਰਾਚਾਰੀਆ ਦੀ ਅਗਵਾਈ 'ਚ ਬੋਧੀ ਮੱਠ ਢਾਹ ਕੇ, ਬੋਧੀਆਂ ਦਾ ਕਤਲੇਆਮ ਕਰਕੇ ਉਸ ਨੂੰ ਦੇਸ਼ 'ਚੋਂ ਬਾਹਰ ਕੱਢਣ ਲਈ ਕਾਰਵਾਈਆਂ ਵੀ ਕਰਦੇ ਰਹੇ। 400 ਈ. 'ਚ ਜਦ ਬੁੱਧ ਨੂੰ ਪੂਰੀ ਤਰ੍ਹਾਂ ਭਾਰਤ ਤੋਂ ਕੱਢ ਦਿੱਤਾ ਗਿਆ ਤਾਂ ਫਿਰ ਮਨੂੰ ਸਿਮਰਤੀ ਦੀ ਰਚਨਾ ਕਰਕੇ ਬ੍ਰਾਹਮਣਵਾਦ ਨੇ ਜਾਤ-ਪਾਤ ਅਤੇ ਵਰਣ ਵੰਡ ਦੇ ਜਾਲ ਨੂੰ ਹੋਰ ਸਖਤ ਬਣਾਇਆ। ਇਹ ਜਾਤ-ਪਾਤ ਅਤੇ ਵਰਣ ਵੰਡ ਅਜੇ ਵੀ ਕਾਇਮ ਹੈ ਭਾਵੇਂ ਕਿ ਇਸ ਦੀ ਜਕੜ ਪਹਿਲਾਂ ਵਾਲੀ ਨਹੀਂ ਰਹੀ। ਗੌਤਮ ਬੁੱਧ ਦੇ ਉਪਦੇਸ਼ ਕਾਰਨ 225 ਈ.ਪੂ. ਯੁੱਧ ਜਿੱਤਣ ਤੋਂ ਬਾਅਦ ਰਾਜਾ ਅਸ਼ੋਕ ਨੇ ਅਹਿੰਸਾ ਦਾ ਰਾਹ ਅਖਤਿਆਰ ਕੀਤਾ। ਉਸ ਦੀ ਮੌਤ ਦੇ ਸਿਰਫ ਦੋ ਸੌ ਸਾਲ ਬਾਅਦ ਹੀ ਉੱਚ ਬ੍ਰਾਹਮਣ ਵਰਗ ਨੇ ਬੁੱਧ ਧਰਮ ਦੇ ਪ੍ਰਭਾਵ ਨੂੰ ਨਸ਼ਟ ਕਰ ਦਿੱਤਾ। ਫਿਰ ਪੁਰਾਣੇ ਬ੍ਰਾਹਮਣਵਾਦ ਦਾ ਬੋਲਬਾਲਾ ਹੋ ਗਿਆ। ਬੁੱਧ ਧਰਮ ਚੀਨ, ਜਾਪਾਨ ਆਦਿ ਦੇਸ਼ਾਂ ਦਾ ਧਰਮ ਬਣ ਕੇ ਰਹਿ ਗਿਆ।

ਨਿੱਜੀ ਸੰਪਤੀ ਬਣਾਉਣ ਦਾ ਰਿਵਾਜ ਉਦੋਂ ਹੀ ਚਾਲੂ ਹੋਇਆ ਜਦੋਂ ਮਨੁੱਖ ਪੈਦਾਵਾਰ ਕਰਕੇ ਕੁੱਝ ਵਾਧੂ ਬਚਾਉਣ 'ਚ ਕਾਮਯਾਬ ਹੋਣ ਲੱਗਿਆ। ਪੱਥਰ ਯੁੱਗ ਦਾ ਕਬੀਲਾ ਸਰਦਾਰ ਆਪਣੀਆਂ ਵਹੁਟੀਆਂ, ਧੀਆਂ, ਹਥਿਆਰਾਂ ਅਤੇ ਜਾਇਦਾਦ ਦੀ ਖਾਤਰ ਲੜਦਾ ਸੀ। ਸ਼ੁਰੂ ਸ਼ੁਰੂ ਵਿੱਚ ਕਿਸੇ ਨੇ ਜੋ ਬਣਾ ਲਿਆ, ਖੋਹ ਲਿਆ, ਕਾਬੂ ਕਰ ਲਿਆ, ਉਹ ਹੀ ਉਸ ਦਾ ਮਾਲਕ ਬਣ ਗਿਆ। ਬਹੁਤ ਦੇਰ ਬਾਅਦ ਇੱਕ ਵਿਚਾਰ ਪੈਦਾ ਹੋਇਆ ਕਿ ਸਾਰੇ ਮਨੁੱਖ ਹੀ ਜਾਇਦਾਦ ਦੇ ਬਰਾਬਰ ਹੱਕਦਾਰ ਹਨ। ਈਸਾ ਮਸੀਹ ਨੇ ਕਿਹਾ ਕਿ ਊਠ ਸੂਈ ਦੇ ਨੱਕੇ ਵਿੱਚਦੀ ਤਾਂ ਲੰਘ ਸਕਦਾ ਹੈ ਪਰ ਬਹੁਤੀ ਜਾਇਦਾਦ ਵਾਲਾ (ਸਰਮਾਏਦਾਰ) ਸਵਰਗ 'ਚ ਨਹੀਂ ਜਾ ਸਕਦਾ। 900 ਸਾਲ ਬਾਅਦ ਈਸਾਈ ਜਗਤ 'ਚ ਮਨੁੱਖ ਦੇ ਕਬਜੇ ਵਾਲੀ ਜਾਇਦਾਦ ਦੇ ਖਿਲਾਫ ਅੰਦੋਲਨ ਹੋਇਆ। 1917

ਦਾ ਰੂਸੀ ਇਨਕਲਾਬ ਨਿੱਜੀ ਜਾਇਦਾਦ ਦੇ ਖਿਲਾਫ ਇੱਕ ਸਿਖਰਲਾ ਅੰਦੋਲਨ ਸੀ। ਬੇਸ਼ੱਕ ਉਹ ਕੁਝ ਕਾਰਨਾਂ ਕਰਕੇ (ਸਾਮਰਾਜ, ਅਮਰੀਕਾ ਦੀਆਂ ਮੁੱਖ ਸਾਜਿਸ਼ਾਂ ਕਰਕੇ) 70 ਸਾਲ ਬਾਅਦ ਬਿਖਰ ਗਿਆ ਪਰ ਇਸ ਨੇ ਸੰਸਾਰ ਨੂੰ ਇੱਕ ਨਹੀਂ ਦਿਸ਼ਾ ਪ੍ਰਦਾਨ ਕੀਤੀ ਕਿ ਇਨਸਾਨ ਦੀ ਆਦਰਸ਼ ਹੋਣੀ ਸਾਰੇ ਸੰਸਾਰ 'ਚ ਏਕਤਾ ਇਨਸਾਨੀ ਬਰਾਬਰੀ ਨਾਲ ਹੀ ਹੋ ਸਕਦੀ ਹੈ।

## ਸਮੇਂ ਦਾ ਇਤਿਹਾਸ

ਕਾਰਨ ਅਤੇ ਕਾਰਜ ਦਾ ਨਿਯਮ ਅਟੱਲ ਹੈ। ਹਰ ਘਟਨਾ ਪਿੱਛੇ ਕੁਦਰਤ ਦਾ ਕੋਈ ਨਾ ਕੋਈ ਨਿਯਮ ਜ਼ਰੂਰ ਹੁੰਦਾ ਹੈ। ਇਹ ਨਿਯਮ ਨਾ ਹੀ ਕਿਸੇ ਸ਼ਕਤੀ (ਰੱਬ) ਦੇ ਬਣਾਏ ਹਨ ਅਤੇ ਨਾ ਹੀ ਕੋਈ ਸ਼ਕਤੀ ਇਨ੍ਹਾਂ ਨੂੰ ਖਤਮ ਕਰ ਸਕਦੀ ਹੈ। ਕੁਦਰਤ ਦੇ ਇਹ ਨਿਯਮ ਪਦਾਰਥ ਦੇ ਸੁਭਾਅ ਅਨੁਸਾਰ ਅਰਬਾਂ-ਖਰਬਾਂ ਸਾਲਾਂ 'ਚ ਖੁਦ-ਬ-ਖੁਦ ਬਣਦੇ ਹਨ। ਸੰਸਾਰ ਵਿੱਚ ਅਜਿਹਾ ਕੋਈ ਪਦਾਰਥ ਨਹੀਂ, ਜਿਸ ਦਾ ਜਨਮ ਅਤੇ ਮੌਤ ਨਾ ਹੋਵੇ। ਮਾਦਾ (ਪਦਾਰਥ) ਨਾ ਪੈਦਾ ਹੁੰਦਾ ਹੈ ਅਤੇ ਨਾ ਖਤਮ ਕੀਤਾ ਜਾ ਸਕਦਾ ਹੈ। ਇਹ ਸਦੀਵੀ ਹੈ ਅਤੇ ਪਰਿਵਾਰਤਨ ਹੀ ਮਾਦੇ ਦਾ ਅਸਲ ਸੱਚ ਹੈ।

**ਅਸੀਮ ਬ੍ਰਹਿਮੰਡ** : ਬ੍ਰਹਿਮੰਡ ਅਸੀਮ ਹੈ। ਇਸ ਦੀ ਕੋਈ ਸੀਮਾ ਨਹੀਂ। ਬ੍ਰਹਿਮੰਡ ਦੀ ਸੀਮਾ ਦਾ ਭਾਵ ਹੈ ਕਿਸੇ ਹੋਰ ਮਾਦੇ ਦੀ ਹੋਂਦ। ਹਰੇਕ ਵਸਤੂ ਦੇ ਕਣ ਕੁਝ ਬਲਾਂ ਅਧੀਨ ਕੰਮ ਕਰਦੇ ਹਨ। ਇਨ੍ਹਾਂ ਦਾ ਗੁਰੂਤਾ ਖਿੱਚ ਬਲ, ਬਿਜਲੀ ਚੁੰਬਕੀ ਬਲ, ਤਾਕਤਵਰ ਨਿਊਕਲੀ ਬਲ ਅਤੇ ਕਮਜ਼ੋਰ ਨਿਊਕਲੀ ਬਲ ਉਲੇਖਣਯੋਗ ਹਨ। ਅਨੰਤ ਤਾਪਮਾਨ ਸਮੇਂ ਪਦਾਰਥ ਊਰਜਾ 'ਚ ਬਦਲ ਜਾਂਦਾ ਹੈ। ਬ੍ਰਹਿਮੰਡ 'ਚ ਕਰੋੜਾਂ ਵਰ੍ਹੇ ਪਦਾਰਥ ਦਾ ਫੈਲਾਉ ਜਾਰੀ ਰਿਹਾ। ਅੰਦਰੂਨੀ ਖਿੱਚ ਸ਼ਕਤੀ ਕਾਰਨ ਪਦਾਰਥ ਦਾ ਘੇਰਾ ਘੱਟਦਾ ਗਿਆ ਅਤੇ ਘੁੰਮਣ ਗਤੀ ਵੱਧਦੀ ਗਈ। ਇਸ ਤਰ੍ਹਾਂ ਗਲੈਕਸੀਆਂ ਹੋਂਦ 'ਚ ਆਈਆਂ। ਸਾਡੇ ਬ੍ਰਹਿਮੰਡ ਵਿੱਚ 100 ਅਰਬ ਗਲੈਕਸੀਆਂ (ਆਕਾਸ਼ ਗੰਗਾਵਾਂ) ਹਨ ਅਤੇ ਹਰ ਗਲੈਕਸੀ 'ਚ ਲਗਪਗ 100 ਅਰਬ ਹੀ ਤਾਰੇ ਹਨ। ਅਗਾਂਹ ਇਨ੍ਹਾਂ ਤਾਰਿਆਂ (ਸੂਰਜਾਂ) ਦੇ ਗ੍ਰਹਿ ਅਤੇ ਉਪਗ੍ਰਹਿ ਹਨ, ਜੋ ਇਨ੍ਹਾਂ ਤਾਰਿਆਂ ਦੀ ਪ੍ਰਕਰਮਾ ਕਰਦੇ ਹਨ। ਸਾਡੀ ਧਰਤੀ ਅਤੇ ਸੂਰਜ ਦੇ ਦੂਸਰੇ ਗ੍ਰਹਿ ਵੀ ਸੂਰਜ ਦੀ ਪ੍ਰਕਰਮਾ ਕਰ ਰਹੇ ਹਨ। ਸਾਡੀ ਆਪਣੀ ਗਲੈਕਸੀ (ਜਿਸ ਵਿੱਚ ਸਾਡਾ ਸੂਰਜ ਹੈ) ਲਗਪਗ ਇੱਕ ਲੱਖ ਪ੍ਰਕਾਸ਼ ਵਰ੍ਹੇ ਲੰਬੀ ਅਤੇ ਸੋਲਾਂ ਹਜ਼ਾਰ ਪ੍ਰਕਾਸ਼ ਵਰ੍ਹੇ ਚੌੜੀ ਹੈ। ਸਾਡਾ ਸੂਰਜ ਸਾਡੀ ਆਕਾਸ਼ ਗੰਗਾ (ਮਿਲਕੀ ਵੇ) ਦੇ ਕੇਂਦਰ ਤੋਂ ਬੱਤੀ ਹਜ਼ਾਰ ਪ੍ਰਕਾਸ਼ ਵਰ੍ਹੇ ਦੂਰ ਆਕਾਸ਼ ਗੰਗਾ ਦੇ ਇੱਕ ਕਿਨਾਰੇ 'ਤੇ ਹੈ। ਜਿਵੇਂ ਸਾਡੇ ਗ੍ਰਹਿ ਸੂਰਜ ਦੁਆਲੇ ਚੱਕਰ ਲਗਾਉਂਦੇ ਹਨ, ਇਵੇਂ ਹੀ ਸੂਰਜ ਆਪਣੀ ਆਕਾਸ਼ ਗੰਗਾ ਦੇ ਕੇਂਦਰ ਦੁਆਲੇ ਚੱਕਰ ਲਗਾਉਂਦਾ ਹੈ। ਇਸ ਨੂੰ ਦੋ ਸੌ ਪੰਜਾਹ ਕਿਲੋਮੀਟਰ ਪ੍ਰਤੀ ਸੈਕਿੰਡ ਦੇ ਹਿਸਾਬ ਨਾਲ ਇੱਕ ਚੱਕਰ ਪੂਰਾ ਕਰਨ 'ਚ ਚੌਵੀ ਕਰੋੜ ਸਾਲ ਲੱਗਦੇ ਹਨ। ਸਾਡੀ ਧਰਤੀ ਸੂਰਜ ਤੋਂ ਦੂਰੀ ਦੇ ਹਿਸਾਬ ਨਾਲ ਸੂਰਜ ਪਰਿਵਾਰ ਦਾ ਤੀਜਾ ਗ੍ਰਹਿ ਹੈ। ਹੁਣ ਤੱਕ ਦੀ ਜਾਣਕਾਰੀ ਅਨੁਸਾਰ ਸਿਰਫ

ਧਰਤੀ ਹੀ ਬ੍ਰਹਿਮੰਡ ਦਾ ਅਜਿਹਾ ਨਖਲਿਸਤਾਨ ਹੈ, ਜਿੱਥੇ ਜੀਵਨ ਦੀ ਹੋਂਦ ਹੈ। ਬਾਕੀ ਸਭ ਗ੍ਰਹਿ ਜੀਵਨ ਵਿਹੂਣੇ ਸੁੰਨਸਾਨ ਅਤੇ ਵੀਰਾਨ ਪਏ ਹਨ। ਸਾਡੀ ਧਰਤੀ 6,378 ਕਿਲੋਮੀਟਰ ਅਰਧ ਵਿਆਸ ਦਾ ਗੋਲਾ ਹੈ, ਜਿਹੜਾ ਧਰੁਵਾਂ ਤੋਂ ਇੱਕੀ ਕਿਲੋਮੀਟਰ ਅੰਦਰ ਨੂੰ ਧਸਿਆ ਹੋਇਆ ਹੈ। ਜਿਸ ਕਾਰਨ ਧਰਤੀ ਦੇ ਆਮ ਤਲ ਨਾਲੋਂ ਨੀਵੇਂ ਇਨ੍ਹਾਂ ਇਲਾਕਿਆਂ 'ਚ ਛੇ ਮਹੀਨੇ ਦਾ ਦਿਨ ਅਤੇ ਛੇ ਮਹੀਨੇ ਦੀ ਰਾਤ ਹੁੰਦੀ ਹੈ। ਧਰਤੀ ਦਾ 71 ਫੀਸਦੀ ਭਾਗ ਪਾਣੀ ਨਾਲ ਢੱਕਿਆ ਹੋਇਆ ਹੈ ਅਤੇ 29 ਫੀਸਦੀ ਭਾਗ ਖੁਸ਼ਕ ਹੈ। ਅੱਜ ਤੋਂ ਚਾਰ ਸੌ ਸੱਠ ਕਰੋੜ ਸਾਲ ਪਹਿਲਾਂ ਹੋਂਦ 'ਚ ਆਈ ਇਸ ਧਰਤੀ ਦਾ ਭਾਰ 657 ਮਹਾਂਸੰਖ ਹਨ ਹੈ।

## ਓਜ਼ੋਨ ਪਰਤ (ਨੀਲ ਗਗਨ)

ਧਰਤੀ ਤੋਂ 16 ਕਿਲੋਮੀਟਰ ਤੋਂ 80 ਕਿਲੋਮੀਟਰ ਉੱਪਰ ਤੱਕ ਓਜੋਨ ਪਰਤ ਬਣੀ ਹੋਈ ਹੈ। ਇਸ ਓਜ਼ੋਨ ਪਰਤ ਦੇ ਬਨਣ ਅਤੇ ਇਸ ਰਾਹੀਂ ਸੂਰਜ ਦੀਆਂ ਖਤਰਨਾਕ ਪਰਾਵੈਂਗਣੀ ਕਿਰਨਾਂ ਰੁੱਕਣ ਤੋਂ ਬਾਅਦ ਹੀ ਧਰਤੀ 'ਤੇ ਜੀਵਨ ਪੈਦਾ ਹੋਇਆ। ਵਿਗਿਆਨਕ ਧਾਰਨਾ ਅਨੁਸਾਰ ਸਾਰੀਆਂ ਜੀਵਤ ਵਸਤਾਂ ਨਿੱਕੇ ਨਿੱਕੇ ਸੈੱਲਾਂ ਤੋਂ ਬਣੀਆਂ ਹਨ। ਇਨ੍ਹਾਂ ਸੈੱਲਾਂ ਵਿੱਚ ਰਸ ਹੁੰਦੇ ਹਨ। ਇਹ ਰਸ ਵੱਖ-ਵੱਖ ਕਿਸਮ ਦੇ ਪਦਾਰਥਾਂ ਦੇ ਅਣੂ ਹੁੰਦੇ ਹਨ। ਧਰਤੀ 'ਤੇ ਮੌਜੂਦ 105 ਤੱਤਾਂ 'ਚੋਂ ਇਸ ਸਮੇਂ ਸਿਰਫ 92 ਹੀ ਕੁਦਰਤੀ ਰੂਪ 'ਚ ਮਿਲਦੇ ਹਨ। ਸਾਰੀਆਂ ਜੀਵਤ ਵਸਤਾਂ ਦਾ 99 ਫੀਸਦੀ ਛੇ ਤੱਤਾਂ ਕਾਰਬਨ, ਹਾਈਡ੍ਰੋਜਨ, ਨਾਈਟ੍ਰੋਜਨ, ਆਕਸੀਜਨ, ਗੰਧਕ ਅਤੇ ਫਾਸਫੋਰਸ ਤੋਂ ਬਣਿਆ ਹੁੰਦਾ ਹੈ। ਅੱਜ ਤੋਂ ਸਤਵੰਜਾ ਕਰੋੜ ਵਰ੍ਹੇ ਪਹਿਲਾਂ ਸਮੁੰਦਰ 'ਚ ਪੈਦਾ ਹੋਏ ਪਹਿਲੇ ਸਜੀਵ ਟਰਿਲੋਬਾਈਟ ਤੋਂ ਲੈ ਕੇ ਆਧੁਨਿਕ ਮਨੁੱਖ ਤੱਕ ਸਾਰਾ ਜੀਵ ਜਗਤ ਅਤੇ ਬਨਸਪਤੀ ਜਗਤ ਇਨ੍ਹਾਂ ਤੱਤਾਂ ਤੋਂ ਹੀ ਬਣਿਆ ਹੋਇਆ ਹੈ। ਅੱਜ ਦਾ ਬੁੱਧੀਮਾਨ ਮਨੁੱਖ ਸਿਰਫ ਉਸੇ ਚੀਜ਼ ਨੂੰ ਹੀ ਸਹੀ ਮੰਨਦਾ ਹੈ, ਜਿਸ ਨੂੰ ਵਿਗਿਆਨਕ ਤੌਰ 'ਤੇ ਸਿੱਧ ਕੀਤਾ ਜਾ ਸਕਦਾ ਹੋਵੇ। ਰੱਬ ਕਦੋਂ, ਕਿੱਥੇ ਅਤੇ ਕਿਵੇਂ ਪੈਦਾ ਹੋਇਆ ਬਾਰੇ ਜੇ ਵਿਚਾਰ ਕਰੀਏ ਤਾਂ ਇਹ ਕਿਵੇਂ ਵੀ ਸਿੱਧ ਨਹੀਂ ਕੀਤਾ ਜਾ ਸਕਦਾ। ਸਾਡੇ ਸਾਰੇ ਧਾਰਮਿਕ ਗ੍ਰੰਥ ਬਿਨਾਂ ਕਿਸੇ ਵਿਗਿਆਨਕ ਜਾਣਕਾਰੀ ਦੇ ਲਿਖੇ ਗਏ ਹਨ। ਚਾਰਲਸ ਡਾਰਵਿਨ ਦੇ ਜੀਵ ਵਿਕਾਸ ਸਿਧਾਂਤ ਨੇ ਇਹ ਸਿੱਧ ਕਰ ਦਿੱਤਾ ਕਿ ਇਹ ਸ੍ਰਿਸ਼ਟੀ ਕਿਸੇ ਨੇ ਨਹੀਂ ਬਣਾਈ ਸਗੋਂ ਕਰੋੜਾਂ ਵਰ੍ਹਿਆਂ ਦੇ ਵਿਕਾਸ ਦਾ ਸਿੱਟਾ ਹੈ।

ਧਰਮ ਅਤੇ ਰਾਜਨੀਤੀ ਵਿੱਚ ਕੋਈ ਫਰਕ ਨਹੀਂ। ਰੱਬ ਦਾ ਸਿਧਾਂਤ ਅਖੀਰ ਰਾਜ ਦੀ ਸਥਾਪਨਾ ਵਿੱਚ ਤਬਦੀਲ ਹੋ ਜਾਂਦਾ ਹੈ। ਭਾਰਤ ਦੇ ਆਰੀਅਨ ਵਰਮੇ, ਸ਼ਰਮੇ, ਅਗਰਵਾਲ (ਖੱਤਰੀ, ਬ੍ਰਹਿਮਣ, ਬਾਣੀਏ) ਈਰਾਨ, ਯੂਨਾਨ, ਜਰਮਨੀ, ਇਟਲੀ ਆਦਿ ਦੀਆਂ ਆਰੀਅਨ ਜਾਤੀਆਂ ਨਾਲ ਸਬੰਧਤ ਹਨ। ਮਹਾਂਕਾਵਿ ਰਾਮਾਇਣ ਦੇ ਨਾਇਕ ਰਾਮ ਆਰੀਆ ਸੱਭਿਅਤਾ ਦੇ ਪ੍ਰਤੀਨਿਧ ਸਨ। ਜਿਹਨਾਂ ਰਾਖਸ਼ਾਂ ਦੇ ਰਾਮ ਨਾਲ ਸੰਘਰਸ਼ ਦਾ ਵਰਨਣ ਹੈ, ਉਹ ਸਾਰੇ ਭਾਰਤ ਦੇ ਮੂਲ ਨਿਵਾਸੀ

(ਦ੍ਰਾਵਿੜ) ਸਨ। ਰਾਮ ਨੇ ਬਹੁਤ ਸਮਾਂ ਦੱਖਣ 'ਚ ਆਰੀਆ ਸੱਭਿਅਤਾ ਦਾ ਪ੍ਰਚਾਰ ਕਰਨ 'ਚ ਗੁਜਾਰਿਆ। ਵਿਦਵਾਨ ਇਤਿਹਾਸਕਾਰ ਪੰਡਤ ਰਾਹੁਲ ਸਾਂਕ੍ਰਿਤਆਨ ਦੀ ਰਚਨਾ ਰਿਵੈਦਿਕ ਆਰੀਆ ਅਨੁਸਾਰ ਮੋਹਨਜੋਦੜੋ-ਹੜੱਪਾ (ਸਿੰਧ ਘਾਟੀ ਸੱਭਿਅਤਾ) ਦਾ ਅਹਿਮ ਕਾਲ 2400 ਈ.ਪੂ. ਮੰਨਿਆ ਜਾਂਦਾ ਹੈ। ਉਸ ਤੋਂ ਹਜ਼ਾਰ ਸਾਲ ਬਾਅਦ ਆਰੀਆ ਭਾਰਤ 'ਚ ਦਾਖਲ ਹੋਏ। 1200 ਈ.ਪੂ. ਰਿਸ਼ੀ ਭਾਰਦਵਾਜ, ਵਸ਼ਿਸ਼ਠ ਅਤੇ ਵਿਸ਼ਵਾਮਿੱਤਰ ਆਦਿ ਨੇ ਪਦ ਲਿਖੀ। ਆਰੀਆ ਨੇ ਸਿੰਧ ਘਾਟੀ ਸੱਭਿਅਤਾ ਤਬਾਹ ਕਰਕੇ ਸਮਾਜ ਚੱਕਰ ਨੂੰ ਉਲਟਾ ਘੁੰਮਾਉਣ ਦੀ ਕੋਸ਼ਿਸ਼ ਕੀਤੀ। ਰਿਗਵੇਦ ਵੀ ਦੋਹਾਂ ਸੁਰ (ਆਰੀਅਨ) ਅਤੇ ਅਸੁਰਾਂ (ਦਰਾਵਿੜਾਂ) ਦੀ ਯੁੱਧਬਾਣੀ ਹੀ ਹੈ। ਭਾਰਤੀ ਮੂਲ ਨਿਵਾਸੀਆਂ ਨੂੰ ਹਰਾਉਣ ਕਾਰਨ ਆਰੀਅਨ ਰਿਸ਼ੀਆਂ ਦੁਆਰਾ ਇੰਦਰ ਨੂੰ ਸੁਰਗ ਦਾ ਦੇਵਤਾ ਅਤੇ ਵਿਸ਼ਨੂੰ ਨੂੰ ਸ੍ਰਿਸ਼ਟੀ ਦਾ ਪਾਲਣਹਾਰ ਵਜੋਂ ਹਿੰਦੂ ਦੇਵਤਿਆਂ ਬ੍ਰਹਮਾ ਅਤੇ ਸ਼ਿਵਜੀ ਦੇ ਬਰਾਬਰ ਦਾ ਦਰਜਾ ਦਿੱਤਾ ਗਿਆ।

ਇਸਲਾਮ ਧਰਮ ਕਹਿੰਦਾ ਹੈ ਕਿ ਰੱਬ ਦਾ ਕੋਈ ਆਕਾਰ ਨਹੀਂ। ਕੋਈ ਮਾਂ, ਪਿਓ ਜਾਂ ਭੈਣ, ਭਰਾ ਨਹੀਂ। ਉਹ ਖੁਦ-ਬ-ਖੁਦ ਹੈ। ਹਜ਼ਰਤ ਮੁਹੰਮਦ ਨੇ ਕ੍ਰਿਸ਼ਚੀਅਨ, ਫਾਰਸੀ ਅਤੇ ਕੁਝ ਅਰਬ ਚਿੰਤਕਾਂ ਤੋਂ ਆਪਣੇ ਵਿਚਾਰ ਬਣਾਏ। ਇਸਲਾਮ ਤੋਂ ਬਾਅਦ ਸੂਫੀਵਾਦ, ਭਗਤੀ ਵਿਚਾਰਧਾਰਾ ਆਦਿ ਭਾਰਤ 'ਚ ਵਧੀ ਫੁੱਲੀ, ਮਨੁੱਖੀ ਸੱਭਿਅਤਾ ਦੇ ਆਰੰਭ 'ਚ ਦੇਵੀਆਂ ਦੀ ਪੂਜਾ ਕੀਤੀ ਜਾਂਦੀ ਸੀ ਪਰ ਜਦੋਂ ਸਮਾਜ 'ਚ ਔਰਤ ਦਾ ਦਰਜਾ ਆਦਮੀ ਨਾਲੋਂ ਦੂਜੇ ਨੰਬਰ 'ਤੇ ਜਾਂਦਾ ਜਾਂਦਾ ਮੁਕੰਮਲ ਰੂਪ 'ਚ ਮਰਦ ਅਧੀਨ ਹੋ ਗਿਆ ਭਾਵ ਸਮਾਜ ਮਰਦ ਪ੍ਰਧਾਨ ਹੋ ਗਿਆ ਤਾਂ ਦੇਵੀਆਂ ਦੀ ਜਗ੍ਹਾ ਦੇਵਤੇ ਮੁੱਖ ਬਣ ਗਏ ਅਤੇ ਦੇਵੀਆਂ ਦੂਸਰੇ ਨੰਬਰ ਦੀਆਂ ਪੂਜਨੀਕ ਬਣ ਗਈਆਂ। ਆਦਮੀ ਨੇ ਰੱਬ ਦੀ ਕਲਪਨਾ ਵੀ ਬੰਦੇ ਦੇ ਰੂਪ 'ਚ ਹੀ ਕੀਤੀ। ਮੌਕੇ ਦੇ ਹਾਕਮਾਂ ਨੂੰ ਰੱਬ ਦੀ ਕਲਪਨਾ ਬਹੁਤ ਰਾਸ ਆਈ। ਉਹ ਪੁਜਾਰੀਆਂ ਰਾਹੀਂ ਲੋਕਾਂ ਨੂੰ ਕਹਿੰਦੇ ਕਿ ਇਹ ਰੱਬ ਦਾ ਕਾਨੂੰਨ ਹੈ, ਜੋ ਨਹੀਂ ਮੰਨੇਗਾ, ਉਸ ਨੂੰ ਰੱਬ ਸਜ਼ਾ ਦੇਵੇਗਾ। ਇਸ ਜਨਮ 'ਚ ਨਹੀਂ ਤਾਂ ਅਗਲੇ ਜਨਮ 'ਚ ਦੇਵੇਗਾ। ਲੋਕ ਭੈਅਭੀਤ ਹੋ ਕੇ ਰਾਜਿਆਂ ਦੇ ਇਹ ਕਾਨੂੰਨ ਮੰਨਣ ਲੱਗੇ।

## ਧਰਮ ਖ਼ੂਨ ਦੇ ਪਿਆਸੇ

ਬਾਈਬਲ ਈਸਾ ਮਸੀਹ ਤੋਂ ਬਹੁਤ ਚਿਰ ਬਾਅਦ ਵੱਖ-ਵੱਖ ਅੰਗਰੇਜ ਵਿਦਵਾਨਾਂ ਨੇ ਲਿਖੀ। ਇਸ ਦਾ ਕੋਈ ਸਬੂਤ ਨਹੀਂ ਕਿ ਈਸਾ ਦੀ ਮਾਂ ਕੰਵਾਰੀ ਮਰੀਅਮ (ਮੈਰੀ) ਨੇ ਕੁਦਰਤੀ ਢੰਗ ਨਾਲ ਗਰਭ ਧਾਰਨਾ ਕੀਤਾ। ਇਸ ਤਰ੍ਹਾਂ ਪਵਿੱਤਰ ਮੈਰੀ ਨੇ ਈਸਾ ਨੂੰ ਗੈਰ ਕੁਦਰਤੀ ਢੰਗ ਨਾਲ ਜਨਮ ਦਿੱਤਾ। ਈਸਾ ਮਸੀਹ ਦੇ 13 ਤੋਂ 28 ਸਾਲ (16ਸਾਲ) ਦੇ ਜੀਵਨ ਬਾਰੇ ਕੋਈ ਵੇਰਵਾ ਨਹੀਂ ਮਿਲਦਾ। ਅਚਾਨਕ ਉਹਦੇ ਨਾਲ ਕਈ ਚਮਤਕਾਰੀ ਘਟਨਾਵਾਂ ਜੋੜ ਦਿੱਤੀਆਂ ਗਈਆਂ। ਫਿਰ ਉਸ ਨੂੰ ਸੂਲੀ 'ਤੇ ਚੜ੍ਹਾਉਣ ਅਤੇ ਕਬਰ 'ਚੋਂ ਉੱਠਣ ਦੇ ਤਿਉਹਾਰ ਮਨਾਉਣੇ ਆਦਿ ਸਭ

ਸ਼ੱਕੀ ਹਨ। ਇਸਾਈ ਧਰਮ ਯਹੂਦੀਆਂ ਦੇ ਧਰਮ ਗ੍ਰੰਥ 'ਤੇ ਆਧਾਰਿਤ ਹੋਣ ਕਾਰਨ ਇਹ ਯਹੂਦੀਆਂ ਦੇ ਪੈਗੰਬਰ ਦੇ ਜੀਵਨ ਦੀ ਹੀ ਨਕਲ ਹੈ। ਇਸਾਈ ਧਰਮ ਅਨੁਸਾਰ ਈਸਾ ਮਸੀਹ ਆਖਰੀ ਪੈਗੰਬਰ (ਰੱਬ ਦਾ ਦੂਤ) ਸੀ। ਪਰ ਮੁਸਲਮਾਨ ਧਰਮ ਹਜ਼ਰਤ ਮੁਹੰਮਦ ਨੂੰ ਆਖਰੀ ਪੈਗੰਬਰ ਮੰਨਦਾ ਹੈ ਅਤੇ ਕਹਿੰਦਾ ਹੈ ਕਿ ਉਸ ਤੋਂ ਬਾਅਦ ਕੋਈ ਪੈਗੰਬਰ ਨਹੀਂ ਹੋਵੇਗਾ। ਪਰ ਫਿਰ ਵੀ ਉਸ ਤੋਂ ਬਾਅਦ ਅਨੇਕਾਂ ਲੋਕਾਂ ਨੇ ਆਪਣੇ ਆਪ ਨੂੰ ਪੈਗੰਬਰ ਕਿਹਾ ਅਤੇ ਕਹੀ ਜਾ ਰਹੇ ਹਨ। ਅਹਿਮਦੀਆਂ ਪੰਥ ਵਾਲੇ ਕਹਿੰਦੇ ਹਨ ਕਿ ਈਸਾ ਮਰੇ ਨਹੀਂ, ਉਹ ਕਸ਼ਮੀਰ 'ਚ ਆ ਕੇ ਵਸ ਗਏ ਸਨ। ਕਸ਼ਮੀਰ 'ਚ ਇੱਕ ਮਸਜਿਦ ਹਜ਼ਰਤ ਵੱਲ ਦੇ ਨਾਂਅ ਨਾਲ ਮਸ਼ਹੂਰ ਹੈ ਕਿਹਾ ਜਾਂਦਾ ਹੈ ਕਿ ਇੱਥੇ ਹਜ਼ਰਤ ਮੁਹੰਮਦ ਦਾ ਵਾਲ ਪਿਆ ਹੈ। ਉਂਝ ਮੁਸਲਮਾਨ ਧਰਮ ਬੁੱਤ ਪੂਜਾ ਦੇ ਸਖਤ ਖਿਲਾਫ ਹੈ। ਪਰ ਇੱਕ ਵਾਲ ਰੱਖ ਕੇ ਮਸਜਿਦ ਵੀ ਬਣਾ ਲੈਂਦਾ ਹੈ।

ਸਿੱਖ ਧਰਮ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇ ਕੇ ਅੱਗੇ ਗੁਰੂ ਬਨਣ 'ਤੇ ਪਾਬੰਦੀ ਲਗਾ ਦਿੱਤੀ। ਪਰ ਨਾਮਧਾਰੀਆਂ 'ਚ ਅਜੇ ਉਹੀ ਰਵਾਇਤ ਚੱਲ ਰਹੀ ਹੈ। ਇਸਾਈ ਹਜ਼ਰਤ ਮੁਹੰਮਦ ਨੂੰ ਅਸਲੀ ਪੈਗੰਬਰ ਨਹੀਂ ਮੰਨਦੇ। ਮੁਹੰਮਦ, ਈਸਾ ਨੂੰ ਰੱਬ ਦਾ ਪੁੱਤਰ ਨਹੀਂ ਮੰਨਦੇ। ਇਸੇ ਤਰ੍ਹਾਂ ਸਾਰੇ ਧਰਮਾਂ ਦੀਆਂ ਆਪੋ ਆਪਣੀਆਂ ਧਾਰਨਾਵਾਂ ਹਨ। ਸਾਰੇ ਧਰਮ ਆਦਮੀ ਨੂੰ ਸਿਰਫ ਨਫਰਤ ਕਰਨੀ ਹੀ ਸਿਖਾਉਂਦੇ ਹਨ। (ਮਜ਼ਹਬ ਹੀ ਸਿਖਾਤਾ ਹੈ ਆਪਸ ਮੇਂ ਵੈਰ ਰੱਖਣਾ) ਧਰਮ ਮਨੁੱਖ ਦੀ ਸੋਚ ਖੁੰਢੀ ਕਰਕੇ ਉਸ ਨੂੰ ਗੈਰ-ਵਿਵੇਕਸ਼ੀਲ ਬਣਾਉਂਦਾ ਹੈ। ਧਰਮ ਕਹਿੰਦਾ ਹੈ ਸੋਚੋ ਨਾ, ਬੱਸ ਵਿਸ਼ਵਾਸ਼ ਕਰੋ। ਧਰਮ 'ਚ ਕਿੰਤੂ ਪਰੰਤੂ ਕਰਨਾ ਸਖਤ ਮਨ੍ਹਾਂ ਹੈ। ਇੱਕ ਧਰਮ ਛੱਡ ਕੇ ਦੂਜਾ ਧਰਮ ਗ੍ਰਹਿਣ ਕਰਨਾ ਇਸੇ ਤਰ੍ਹਾਂ ਹੈ ਜਿਵੇਂ ਕੈਂਸਰ ਨੂੰ ਛੱਡ ਕੇ ਏਡਜ ਨੂੰ ਅਪਣਾਉਣਾ ਹੈ। ਸਮਾਜ, ਸੱਭਿਅਤਾ ਦੇ ਵਿਕਾਸ 'ਚ ਧਰਮ ਦਾ ਕੋਈ ਯੋਗਦਾਨ ਨਹੀਂ। ਸਗੋਂ ਇਸ ਨੇ ਅਨੇਕਾਂ ਵਿਗਿਆਨੀਆਂ ਦਾ ਕਤਲ ਕਰਕੇ ਸਮਾਜਿਕ ਵਿਕਾਸ 'ਚ ਹਮੇਸ਼ਾ ਰੋਕ ਪਾਈ ਹੈ।

## ਭਾਵੀ ਦਾ ਫਲਸਫਾ

ਕਿਸਮਤ ਅਤੇ ਪੁਨਰ ਜਨਮ (ਭਾਵੀ ਦਾ ਫਲਸਫਾ) ਦਾ ਸਿਧਾਂਤ, ਹਿੰਦੂ ਪੁਜਾਰੀਆਂ ਕੋਲ ਸਭ ਤੋਂ ਵੱਡਾ ਹਥਿਆਰ ਹੈ। ਗਰੀਬ ਆਪਣੀ ਗਰੀਬੀ ਨੂੰ ਆਪਣੀ ਕਿਸਮਤ, ਪਿਛਲੇ ਜਨਮ ਦਾ ਫਲ ਸਮਝ ਕੇ ਆਪਣੀ ਦੁਰਦਸ਼ਾ ਭਰੀ ਜ਼ਿੰਦਗੀ ਭੋਗ ਕੇ ਦੁਰਦਸ਼ਾ 'ਚ ਹੀ ਮਰ ਜਾਂਦਾ ਹੈ। ਗਰੀਬ ਨੂੰ ਇਹੀ ਸਿੱਖਿਆ ਦਿੱਤੀ ਜਾਂਦੀ ਹੈ ਕਿ ਤੂੰ ਪਿਛਲੇ ਜਨਮ 'ਚ ਮਾੜੇ ਕੰਮ ਕੀਤੇ ਹਨ। ਹੁਣ ਚੰਗੇ ਕੰਮ ਭਾਵ ਦਾਨ-ਪੁੰਨ ਕਰ। ਫਿਰ ਅਗਲੇ ਜਨਮ 'ਚ ਕਿਸੇ ਅਮੀਰ ਘਰ 'ਚ ਪੈਦਾ ਹੋਵੇਗਾ। ਹਿੰਦੂ ਪ੍ਰਚਾਰਕ ਕਹਿੰਦੇ ਹਨ ਕਿ ਜਨਮ ਸਮੇਂ ਹੀ ਆਦਮੀ ਦੇ ਮੱਥੇ 'ਤੇ ਮਰਨ ਤੱਕ ਦੀਆਂ ਸਭ ਘਟਨਾਵਾਂ ਲਿਖੀਆਂ ਹੁੰਦੀਆਂ ਹਨ। ਇਸ ਕਿਸਮਤਵਾਦੀ ਫਲਸਫੇ ਕਾਰਨ ਹਿੰਦੂ ਦੁਨੀਆਂ ਦਾ ਸਭ ਤੋਂ ਆਲਸੀ ਆਦਮੀ ਬਣ ਗਿਆ। ਹਿੰਦੂ ਗ੍ਰੰਥਾਂ 'ਚ ਇੱਕ ਗ੍ਰੰਥ ਦੂਸਰੇ ਗ੍ਰੰਥ ਦੀ

ਵਿਰੋਧਤਾ 'ਚ ਨਜ਼ਰ ਆਉਂਦਾ ਹੈ। ਭਗਵਦ ਗੀਤਾ (4, 48, 53, 54) 'ਚ ਕਿਹਾ ਗਿਆ ਹੈ ਕਿ ਗਿਆਨ ਦੀ ਕੋਈ ਜ਼ਰੂਰਤ ਨਹੀਂ। ਨਾ ਹੀ ਵੇਦ ਵਗੈਰਾ ਦੇ ਪੜ੍ਹਣ ਦੀ ਜ਼ਰੂਰਤ ਹੈ। ਇੱਕ ਅਨਪੜ੍ਹ (ਅਗਿਆਨੀ) ਵਿਅਕਤੀ ਹੀ ਭਗਵਾਨ ਦਾ ਆਸ਼ੀਰਵਾਦ ਪ੍ਰਾਪਤ ਕਰ ਸਕਦਾ ਹੈ। ਇਸੇ ਆਧਾਰ 'ਤੇ ਅੱਜ ਵੀ ਧਾਰਮਿਕ ਲੋਕ ਆਪਣੇ ਬੱਚਿਆਂ ਨੂੰ ਉੱਚ ਸਿੱਖਿਆ ਨਹੀਂ ਦਿੰਦੇ। ਉਨ੍ਹਾਂ ਅਨੁਸਾਰ ਬਹੁਤਾ ਪੜ੍ਹਣ ਨਾਲ ਬੱਚੇ ਖਰਾਬ (ਨਾਸਤਿਕ) ਹੋ ਜਾਂਦੇ ਹਨ। ਇਨ੍ਹਾਂ ਹੀ ਧਰਮ ਗ੍ਰੰਥਾਂ ਵਿੱਚ ਹਰ ਕਿਸਮ ਦੇ ਛਲ, ਕਪਟ, ਧੋਖੇ, ਫਰੇਬ, ਕੁਕਰਮ, ਦੁਰਵਿਵਹਾਰ ਨੂੰ ਸਹੀ ਠਹਿਰਾਇਆ ਗਿਆ ਹੈ। ਦੁਨੀਆਂ ਦੇ ਹਰ ਧਰਮ ਦਾ ਮੋਢੀ ਕੋਈ ਨਾ ਕੋਈ ਵਿਅਕਤੀ ਹੈ। ਪਰ ਹਿੰਦੂ ਧਰਮ ਦਾ ਅਜਿਹਾ ਕੋਈ ਮੋਢੀ ਨਿਸ਼ਚਿਤ ਨਹੀਂ। ਅੰਗਰੇਜ ਵਿਦਵਾਨ ਮੈਕਸਮੂਲਰ ਅਨੁਸਾਰ ਹਿੰਦੂ ਧਰਮ ਅਜੀਬ ਵਿਚਾਰਾਂ ਦਾ ਖਿਲਾਰਾ ਹੈ ਜੋ ਆਪਸੀ ਵਿਰੋਧਭਾਸਾਂ ਨਾਲ ਹੀ ਭਰਿਆ ਪਿਆ ਹੈ। ਆਮ ਲੋਕਾਂ ਦਾ ਰੱਬ 'ਚ ਵਿਸ਼ਵਾਸ਼ ਬਣਾਈ ਰੱਖਣਾ ਅਮੀਰ ਲੋਕਾਂ ਲਈ ਬਹੁਤ ਜ਼ਰੂਰੀ ਹੋ ਗਿਆ। ਗਰੀਬ ਲਈ ਮੁਕਤੀ ਪਰਲੋਕ 'ਚ, ਅਮੀਰ ਲਈ ਐਸ਼ੋ ਅਰਾਮ ਇਸੇ ਜਨਮ 'ਚ। ਰੱਬ 'ਚ ਵਿਸ਼ਵਾਸ਼ ਤੋਂ ਬਿਨਾ ਸਮਾਜਿਕ ਨਾ ਬਰਾਬਰੀ ਨਹੀਂ ਹੋ ਸਕਦੀ। ਬੱਸ ਇਹ ਹੀ ਸਾਰੇ ਧਰਮਾਂ ਦਾ ਮੂਲ ਹੈ। ਧਰਮ, ਰੱਬ ਅਤੇ ਜਾਤ ਪਾਤ ਸਾਡੇ ਸਮਾਜ ਨੂੰ ਲੱਗੇ ਤਿੰਨ ਕੈਂਸਰ ਹਨ। ਇਨ੍ਹਾਂ ਦੇ ਹੁੰਦੇ ਕੋਈ ਸਾਮਜ ਤਰੱਕੀ ਨਹੀਂ ਕਰ ਸਕਦਾ। ਧਰਮ ਆਦਮੀ ਨੂੰ ਦਿੱਤੀ ਗਈ ਇੱਕ ਅਜਿਹੀ ਅਫੀਮ ਹੈ ਜੋ ਮਨੁੱਖ ਦਾ ਨਾਤਾ ਅਸਲੀ ਸੰਸਾਰ ਨਾਲੋਂ ਤੋੜ ਕੇ ਉਸ ਨੂੰ ਕਾਲਪਨਿਕ ਸੰਸਾਰ 'ਚ ਲਿਜਾਂਦੀ ਹੈ। ਰੱਬ ਸਿਰਫ ਆਦਮੀ ਦੀ ਦਿਮਾਗੀ ਕਲਪਨਾ 'ਚ ਨਿਵਾਸ ਕਰਦਾ ਹੈ। ਇਸ ਕਲਪਨਾ ਨੂੰ ਖਤਮ ਕਰ ਦਿੱਤਾ ਜਾਵੇ ਤਾਂ ਰੱਬ ਆਪਣੇ ਆਮ ਖਤਮ ਹੋ ਜਾਵੇਗਾ।

## ਆਤਮਾ ਦੀ ਕਲਪਨਾ

ਆਤਮਾ ਵੀ ਰੱਬ ਦੀ ਤਰ੍ਹਾਂ ਹੀ ਕਲਪਨਾ ਹੈ। ਭਾਵੀ ਦਾ ਫਲਸਫਾ (ਪੁਨਰ ਜਨਮ) ਲਾਗੂ ਕਰਨ ਲਈ ਆਤਮਾ ਦੀ ਕਲਪਨਾ ਜ਼ਰੂਰੀ ਸੀ। ਆਤਮਾ ਦੀ ਕਲਪਨਾ ਤੋਂ ਬਗੈਰ ਭਾਵੀ ਦਾ ਫਲਸਫਾ ਚੱਲ ਨਹੀਂ ਸੀ ਸਕਦਾ। ਜਦ ਬੁੱਧ ਧਰਮ ਨੇ ਹਿੰਦੂ ਧਰਮ ਦੀਆਂ ਜੜ੍ਹਾਂ ਹਿਲਾਈਆਂ ਤਾਂ ਹਿੰਦੂ ਪਜਾਰੀਆਂ ਨੇ ਆਦਿ ਸ਼ੰਕਰਾਚਾਰੀਆ ਦੀ ਅਗਵਾਈ 'ਚ 84 ਲੱਖ ਜੂਨਾਂ, ਆਤਮਾ, ਪੁਨਰ ਜਨਮ ਦਾ ਸਿਧਾਂਤ ਪੇਸ਼ ਕੀਤਾ। ਨਾਲ ਹੀ ਬੁੱਧ ਧਰਮ 'ਤੇ ਹਿੰਸਕ ਹਮਲੇ ਕਰਕੇ ਬੋਧੀਆਂ ਦਾ ਭਿਆਨਕ ਕਤਲੇਆਮ ਕੀਤਾ ਅਤੇ ਬੋਧੀ ਮੱਠ ਤਬਾਹ ਕਰ ਦਿੱਤੇ। ਬੁੱਧ ਧਰਮ ਨੂੰ ਭਾਰਤ 'ਚੋਂ ਬਾਹਰ ਕੱਢਣ ਤੋਂ ਬਾਅਦ ਹਿੰਦੂ ਰਾਜਿਆਂ ਦੀ ਮਦਦ ਨਾਲ ਬ੍ਰਾਹਮਣਾਂ ਨੇ ਇਸ ਸਿਧਾਂਤ ਦਾ ਐਨੇ ਜੋਰ ਨਾਲ ਪ੍ਰਚਾਰ ਕੀਤਾ (ਜੋ ਅੱਜ ਵੀ ਜਾਰੀ ਹੈ) ਕਿ ਭਾਰਤੀ ਹਿੰਦੂ ਪੂਰੀ ਤਰ੍ਹਾਂ ਇਸ ਸਿਧਾਂਤ ਦੀ ਜਕੜ 'ਚ ਆਕੇ ਪੂਰੀ ਤਰ੍ਹਾਂ ਕਿਸਮਤਵਾਦੀ ਬਣ ਗਏ। ਲੋਕਾਂ ਦੀ ਇਸ ਮਨੋ-ਦਿਸ਼ਾ ਅੱਜ ਦੇ ਹੁਕਮਰਾਨਾਂ ਨੂੰ ਪੂਰੀ ਤਰ੍ਹਾਂ ਰਾਸ ਆਉਂਦੀ ਹੈ। ਉਹ ਵੱਖ-ਵੱਖ ਟੀ.ਵੀ. ਚੈਨਲਾਂ, ਅਖਬਾਰਾਂ ਰਾਹੀਂ ਇਸ ਭਾਵੀ ਦੇ ਫਲਸਫੇ ਦਾ ਧੂਆਂਧਾਰ ਪ੍ਰਚਾਰ

ਕਰ ਰਹੇ ਹਨ। ਹੁਕਮਰਾਨਾਂ ਦੀ ਮੁਢ ਤੋਂ ਹੀ ਇਹ ਮਨਸ਼ਾ ਰਹੀ ਹੈ ਕਿ ਲੋਕ ਸੁੱਤੇ ਰਹਿਣ ਅਤੇ ਆਪਣੇ ਹੱਕਾਂ ਲਈ ਸੰਘਰਸ਼ ਨਾ ਕਰਨ।

ਪਦਾਰਥ ਹੀ ਸੱਚ : ਪਦਾਰਥ (ਮੈਟਰ, ਮਾਦਾ) ਹੀ ਸੱਚ ਹੈ। ਮੁਢ ਕਦੀਮ ਤੋਂ ਇਸ ਬ੍ਰਹਿਮੰਡ ਵਿੱਚ ਜਿਨਾਂ ਪਦਾਰਥ ਸੀ, ਉਨ੍ਹਾਂ ਹੀ ਅੱਜ ਹੈ ਅਤੇ ਉਨ੍ਹਾਂ ਹੀ ਰਹੇਗਾ। ਇਸ ਦਾ ਰੂਪ ਬਦਲਦਾ ਰਹਿੰਦਾ ਹੈ ਪਰ ਇਹ ਕਦੇ ਖਤਮ ਨਹੀਂ ਹੁੰਦਾ। ਕੁਝ ਨਹੀਂ (ਸ਼ੂਨਯ) 'ਚੋਂ ਕੁਝ ਵੀ ਨਹੀਂ ਬਣ ਸਕਦਾ। ਵਿਗਿਆਨ ਦੱਸਦਾ ਹੈ ਕਿ ਪ੍ਰਕਾਸ਼ ਦੇ ਸੂਖਮ ਕਣ ਫੋਟੋਨ, ਪ੍ਰਮਾਣੂ ਦੇ ਕੇਂਦਰ ਅਤੇ ਦੁਆਲੇ ਘੁੰਮਦੇ ਹੋਏ ਇਲੈਕਟ੍ਰਾਨ ਦੇ ਖੋਖਲੇਪਣ 'ਚੋਂ ਹੋ ਕੇ ਨਿੱਕਲ ਜਾਂਦੇ ਹਨ ਜਾਂ ਉਸ ਵਿੱਚ ਹੀ ਸਮਾ ਜਾਂਦੇ ਹਨ। ਪ੍ਰਕਾਸ਼ ਦੇ ਕਣ ਫੋਟੋਨ ਪ੍ਰਕਾਸ਼ ਦੇ ਕਿਸੇ ਦੂਜੇ ਕਣ ਵਿੱਚ ਰਹਿੰਦੇ ਹੋਏ ਵੀ ਆਪਣੀ ਵੱਖਰੀ ਹੋਂਦ ਨਹੀਂ ਰੱਖ ਸਕਦੇ। ਪਦਾਰਥ ਦੇ ਛੋਟੇ ਵੱਡੇ ਅਨੇਕ ਰੂਪ ਹਨ। ਸ਼ਕਤੀ (ਗੁਰੂਤਾ ਖਿੱਚ, ਪ੍ਰਕਾਸ਼) ਆਦਿ ਸਭ ਪਦਾਰਥ ਦੇ ਹੀ ਰੂਪ ਹਨ। ਜੇ ਕੋਈ ਰੱਬ (ਪੁਜਾਰੀਆਂ ਅਨੁਸਾਰ) ਸੱਚਮੁੱਚ ਹੀ ਕਣ-ਕਣ 'ਚ ਸਮਾਇਆ ਹੋਇਆ ਹੈ ਤਾਂ ਫਿਰ ਜਾਂ ਤਾਂ ਰੱਬ ਨਹੀਂ ਜਾਂ ਕਣ ਨਹੀਂ। ਕਣ ਇਕੱਲਾ ਜਿੰਦਾ ਰਹਿੰਦਾ ਹੈ। ਦੂਸਰੇ (ਐਟਮ) ਨਾਲ ਸ਼ਕਤੀ ਮਿਲਣ ਨਾਲ ਉਸ ਦਾ ਰੂਪ ਬਦਲਣ ਲੱਗਦਾ ਹੈ। ਪਦਾਰਥ ਦੇ ਕਣ ਤਾਂ ਸਾਹਮਣੇ ਹਨ ਪਰ ਰੱਬ ਸਿਰਫ ਕਲਪਨਾ ਦੀ ਚੀਜ ਹੈ। ਜਿਸ ਰੱਬ ਨੂੰ ਕਣ ਕਣ ਵਿੱਚ ਵਿਆਪਕ ਕਹਿੰਦੇ ਹਨ, ਉਸ ਦੀ ਕਿਸੇ ਕਣ ਨਾਲ ਵੀ ਪ੍ਰਤੀਕਿਰਿਆ ਨਹੀਂ ਹੁੰਦੀ। ਬ੍ਰਹਿਮੰਡ 'ਚ ਸਭ ਕੁਝ ਅਨੁਸ਼ਾਸ਼ਿਤ ਢੰਗ ਨਾਲ ਪਦਾਰਥ ਦੇ ਸੁਭਾਅ ਅਨੁਸਾਰ ਚੱਲ ਰਿਹਾ ਹੈ। ਜਦੋਂ ਕਿ ਰੱਬ ਪਦਾਰਥ ਦੇ ਕਿਸੇ ਕਣ ਵਿੱਚ ਵਿਆਪਕ ਹੋ ਕੇ ਕੋਈ ਪ੍ਰਤੀਕਿਰਿਆ ਹੀ ਨਹੀਂ ਕਰਦਾ ਤਾਂ ਉਸਦਾ ਹੋਣਾ ਕਿਵੇਂ ਸਾਬਤ ਕੀਤਾ ਜਾ ਸਕਦਾ ਹੈ।

ਸਨਾਤਨ ਧਰਤੀ ਹਿੰਦੂ ਆਦਿ ਗੁਰੂ ਸ਼ੰਕਰਾਚਾਰੀਆ ਵਿੱਚ ਵਿਸ਼ਵਾਸ਼ ਕਰਦਾ ਹੈ। ਉਹ ਪ੍ਰਮਾਤਮਾ ਨੂੰ ਸਰਵ ਵਿਆਪਕ ਅਤੇ ਸੂਖਮ ਬ੍ਰਹਮ ਕਹਿੰਦਾ ਹੈ। ਉਹ ਕਹਿੰਦਾ ਹੈ ਕਿ ਸਾਰੀ ਸ੍ਰਿਸ਼ਟੀ ਬ੍ਰਹਮ ਦੀ ਮਾਇਆ ਹੈ। ਮਾਇਆ ਦਾ ਅਰਥ ਹੈ ਭਰਮ ਜਾਲ। ਜੋ ਨਹੀਂ ਪਰ ਉਸ ਦੇ ਹੋਣ ਦਾ ਭਰਮ ਹੈ। ਜੋ ਲੋਕ ਜੱਗ ਰਚਨਾ ਨੂੰ ਝੂਠ ਕਹਿੰਦੇ ਹਨ, ਉਨ੍ਹਾਂ ਨੂੰ ਸਮਝਾਉਣ ਦਾ ਕੋਈ ਵੀ ਫਾਇਦਾ ਨਹੀਂ। ਧਰਮ ਅਨੁਸਾਰ ਬ੍ਰਹਮ, ਚੇਤਨਾ ਅਤੇ ਸ੍ਰਿਸ਼ਟੀ, ਪਦਾਰਥ ਹੈ। ਸਵਾਲ ਪੈਦਾ ਹੁੰਦਾ ਹੈ ਕਿ ਚੇਤਨਾ, ਪਦਾਰਥ ਨੂੰ ਕਿਵੇਂ ਅਤੇ ਕਿੱਥੋਂ ਲੈ ਕੇ ਆਈ। ਜੇ ਪਦਾਰਥ ਹੀ ਨਹੀਂ ਸੀ ਤਾਂ ਚੇਤਨਾ ਪਦਾਰਥ 'ਚ ਕਿਵੇਂ ਬਦਲੀ। ਇਹ ਸਾਰੀ ਫੋਕੀ ਕਲਪਨਾ ਹੈ। ਪਦਾਰਥ ਕਦੇ ਜੜ੍ਹ ਨਹੀਂ ਹੁੰਦਾ। ਪਦਾਰਥ ਦਾ ਹਰੇਕ ਪ੍ਰਮਾਣੂ ਹਰ ਵਕਤ ਗਤੀ 'ਚ ਹੈ। ਮੁਕਤੀ ਇੱਕ ਮਨਘੜਤ ਕਲਪਨਾ ਹੈ। ਜਦੋਂ ਕਿ ਨਾ ਆਤਮਾ ਹੈ ਅਤੇ ਨਾ ਹੀ ਪ੍ਰਮਾਤਮਾ। ਫਿਰ ਕੌਣ ਕਿਸ 'ਚ ਲੀਨ ਹੋਵੇਗਾ ਅਤੇ ਕਿਸ ਨੂੰ ਮੁਕਤੀ ਮਿਲੇਗੀ? ਧਰਮ ਅਨੁਸਾਰ ਆਤਮਾ ਨਾ ਮਰਦੀ ਹੈ ਅਤੇ ਨਾ ਪੈਦਾ ਹੁੰਦੀ ਹੈ। ਨਾ ਉਸ ਦਾ ਕੁਝ ਵਿਗੜਦਾ ਹੈ। ਫਿਰ ਪ੍ਰਮਾਤਮਾ ਉਸ ਦਾ ਕੀ ਵਿਗਾੜ ਸਕਦਾ ਹੈ। ਉਹ ਭਾਵੇਂ ਸਵਰਗ 'ਚ ਰਹੇ ਭਾਵੇਂ ਨਰਕ 'ਚ। ਜਦੋਂ ਉਸ ਨੂੰ ਕੋਈ ਕਸ਼ਟ ਹੀ ਨਹੀਂ ਹੁੰਦਾ। ਸੁੱਖ ਦੁੱਖ ਸਿਰਫ ਮਨ ਮਹਿਸੂਸ ਕਰਦਾ

ਹੈ। ਮਨ ਸਰੀਰ ਦੇ ਇੱਕ ਹਿੱਸੇ, ਦਿਮਾਗ ਦੀ ਸੋਚਣ ਪ੍ਰਕ੍ਰਿਆ ਨੂੰ ਹੀ ਕਿਹਾ ਜਾਂਦਾ ਹੈ ਅਤੇ ਦਿਮਾਗ ਵਗੈਰਾ ਸਰੀਰ ਤੋਂ ਸੰਭਵ ਹੀ ਨਹੀਂ। ਇਸ ਲਈ ਸਰੀਰ ਦੇ ਖਾਤਮੇ ਨਾਲ ਹੀ ਜਦ ਮਨ ਖਤਮ ਹੋ ਜਾਂਦਾ ਹੈ ਤਾਂ ਫਿਰ ਸੁੱਖ ਦੁੱਖ ਕਿਸਨੂੰ ਹੋਵੇਗਾ। ਇਸ ਦਾ ਧਾਰਮਿਕ ਜਗਤ ਕੋਲ ਕੋਈ ਜਵਾਬ ਨਹੀਂ।

## ਪਹਿਲਾਂ ਮੁਰਗੀ ਕਿ ਅੰਡਾ

ਜੀਵ ਵਿਗਿਆਨ ਅਨੁਸਾਰ ਯਕੀਨਨ ਪਹਿਲਾਂ ਮੁਰਗੀ ਹੀ ਆਈ ਅਤੇ ਅੰਡਾ ਬਾਅਦ ਵਿੱਚ ਹੋਇਆ। ਇਹ ਸਵਾਲ ਉਸੇ ਤਰ੍ਹਾਂ ਹੈ ਜਿਵੇਂ ਪਹਿਲਾਂ ਜੜ੍ਹ ਕਿ ਚੇਤਨਾ ਪੈਦਾ ਹੋਈ। ਵਿਗਿਆਨ ਅਨੁਸਾਰ ਕੋਈ ਵੀ ਵਸਤੂ ਜੜ੍ਹ ਨਹੀਂ ਹੁੰਦੀ। ਪਦਾਰਥ ਵਿੱਚ ਹਮੇਸ਼ਾ ਗਤੀ ਰਹਿੰਦੀ ਹੈ ਅਤੇ ਇਸ ਗਤੀ ਤੋਂ ਹੀ ਚੇਤਨਾ ਪੈਦਾ ਹੁੰਦੀ ਹੈ। ਇਸ ਲਈ ਪਦਾਰਥ ਬਿਨਾਂ ਚੇਤਨਾ ਦਾ ਕੋਈ ਮਤਲਬ ਹੀ ਨਹੀਂ। ਈਸ਼ਵਰਵਾਦੀ ਪਦਾਰਥ ਅਤੇ ਚੇਤਨਾ ਨੂੰ ਅੱਡ-ਅੱਡ ਮੰਨਦੇ ਹਨ ਜਿਵੇਂ ਸਰੀਰ ਅਤੇ ਆਤਮਾ ਨੂੰ। ਉਹ ਹਮੇਸ਼ਾ ਪਿੱਛੇ ਭੂਤਕਾਲ ਵੱਲ ਦੇਖਦੇ ਹਨ ਜਦੋਂ ਕਿ ਪਦਾਰਥਵਾਦੀ ਹਮੇਸ਼ਾ ਭਵਿੱਖ ਵੱਲ ਦੇਖਦੇ ਹਨ। ਅਸਲ ਵਿੱਚ ਈਸ਼ਵਰਵਾਦੀਆਂ ਦਾ ਕੋਈ ਵੀ ਭਵਿੱਖ ਹੈ ਹੀ ਨਹੀਂ। ਧਰਤੀ ਕਰੋੜਾਂ ਸਾਲ ਬਿਨਾਂ ਪੌਦੇ ਅਤੇ ਜੀਵ ਜੰਤੂਆਂ ਦੇ ਰਹੀ। ਸਾਡੀ ਆਕਾਸ਼ ਗੰਗਾ ਵਿੱਚ 99 ਫੀਸਦੀ ਗ੍ਰਹਿ (ਪਿੰਡ) ਬਿਨਾਂ ਕਿਸੇ ਜੀਵ ਜੰਤੂ ਜਾਂ ਬਨਸਪਤੀ ਦੇ ਹਨ। ਭਾਵ ਪਦਾਰਥ ਚੇਤਨਾ ਬਿਨਾ ਰਹਿ ਸਕਦਾ ਹੈ ਪਰ ਚੇਤਨਾ ਪਦਾਰਥ ਬਿਨਾਂ ਨਹੀਂ ਰਹਿ ਸਕਦੀ। ਚੇਤਨਾ ਕੋਈ ਅਲੱਗ ਚੀਜ਼ ਨਹੀਂ ਸਗੋਂ ਪਦਾਰਥ ਦਾ ਹੀ ਇੱਕ ਰੂਪ ਹੈ। ਡਾਕਟਰਾਂ ਨੇ ਸਰੀਰ ਦੇ ਹਰ ਇੱਕ ਅੰਗ ਨੂੰ ਖੋਲ੍ਹ ਕੇ ਉਸ ਦਾ ਅਧਿਐਨ ਕਰ ਲਿਆ ਹੈ ਪਰ ਦਿਮਾਗ ਨੂੰ ਖੋਹਲਿਆ ਨਹੀਂ ਜਾ ਸਕਦਾ। ਜੇ ਦਿਮਾਗ ਪੰਜ ਤੋਂ ਸੱਤ ਮਿੰਟ ਤੱਕ ਬੰਦ ਰਹਿ ਜਾਵੇ ਤਾਂ ਇਹ ਮਰ ਜਾਂਦਾ ਹੈ ਅਤੇ ਦੁਬਾਰਾ ਜਿੰਦਾ ਨਹੀਂ ਹੋ ਸਕਦਾ। ਇਸ ਦਿਮਾਗ ਨੂੰ ਹੀ ਪੁਜਾਰੀ ਲੋਕ ਆਤਮਾ ਕਹਿੰਦੇ ਹਨ। ਇਹ ਹੀ ਮਨ ਅਤੇ ਇਹ ਹੀ ਚੇਤਨਾ ਹੈ। ਆਤਮਾ, ਪ੍ਰਮਾਤਮਾ ਦੀ ਪ੍ਰਾਪਤੀ ਇਸ ਲਈ ਨਹੀਂ ਹੁੰਦੀ ਕਿਉਂਕਿ ਇਨ੍ਹਾਂ ਦੀ ਹੋਂਦ ਹੈ ਹੀ ਨਹੀਂ। ਪਦਾਰਥ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਸੂਰਜ ਤੋਂ ਗਰਮੀ (ਕਾਰਬਨ) ਲੈ ਕੇ ਰੁੱਖ ਮੌਲਦੇ ਹਨ। ਇਨ੍ਹਾਂ ਰੁੱਖਾਂ ਦੇ ਸੁੱਕ ਜਾਣ ’ਤੇ ਅੱਗ ਲਾਉਣ ਪਿੱਛੋਂ ਸੁਆਹ ਬਣ ਜਾਂਦੀ ਹੈ। ਇਸ ਤਰ੍ਹਾਂ ਕਾਰਬਨ ਫਿਰ ਹਵਾ ਵਿੱਚ ਰਲ ਜਾਂਦੀ ਹੈ। ਆਮ ਆਸਤਿਕ ਕਹਿ ਸਕਦੇ ਹਨ ਕਿ ਲੱਕੜ ਖਤਮ ਹੋ ਗਈ। ਅਸਲ ਵਿੱਚ ਖਤਮ ਕੁਝ ਵੀ ਨਹੀਂ ਹੋਇਆ। ਸਿਰਫ ਪਦਾਰਥ ਦਾ ਰੂਪ ਬਦਲਿਆ ਹੈ, ਕਿਆਮਤ (ਪਰਲੋ) ਵਾਲੀ ਕਲਪਨਾ ਇਸੇ ਲਈ ਗਲਤ ਹੈ ਕਿਉਂਕਿ ਪਦਾਰਥ ਖਤਮ ਹੋ ਹੀ ਨਹੀਂ ਸਕਦਾ। ਇਸ ਦੇ ਰੂਪ ਬਦਲਦੇ ਰਹਿਣਗੇ ਅਤੇ ਇਹ ਹਮੇਸ਼ਾ ਬ੍ਰਹਿਮੰਡ ਵਿੱਚ ਮੌਜੂਦ ਰਹੇਗਾ। ਸ਼ੂਨਯ ’ਚੋਂ ਨਾ ਕੋਈ ਪਦਾਰਥ ਪੈਦਾ ਹੋ ਸਕਦਾ ਹੈ ਅਤੇ ਨਾ ਹੀ ਪਦਾਰਥ ਨੂੰ ਖਤਮ ਕਰਕੇ ਸ਼ੂਨਯ (ਜ਼ੀਰੋ) ਕੀਤਾ ਜਾ ਸਕਦਾ ਹੈ। ਮਨੁੱਖ ਦੀ ਹਰ ਕਲਪਤਾ ਨੂੰ ਸੱਚੀ ਨਹੀਂ ਕਿਹਾ ਜਾ ਸਕਦਾ। ਅਨੇਕਾਂ ਕਲਪਨਾਵਾਂ ਸਮਾਂ ਆਉਣ

’ਤੇ ਝੂਠੀਆਂ ਸਿੱਧ ਹੋਈਆਂ ਹਨ। ਸੌ ਸਾਲ ਪਹਿਲਾਂ ਚੇਚਕ ਰੋਗ ਦੇ ਸਬੰਧ ਵਿੱਚ ਸ਼ੀਤਲਾ ਮਾਤਾ ਦੀ ਕਰੋਪੀ ਦੀ ਕਲਪਨਾ ਕੀਤੀ ਗਈ। ਪਰ ਵਿਗਿਆਨ ਨੇ ਸ਼ੀਤਲਾ ਮਾਤਾ ਵਾਲੀ ਕਲਪਨਾ ਨੂੰ ਝੂਠੀ ਸਿੱਧ ਕਰ ਦਿੱਤਾ ਹੈ। ਇਸੇ ਤਰ੍ਹਾਂ ਕੋਹੜ, ਤਪਦਿਕ, ਪੋਲੀਓ ਆਦਿ ਬਿਮਾਰੀਆਂ ਅੱਜ ਵਿਗਿਆਨ ਦੀ ਵਜ੍ਹਾ ਨਾਲ ਖਤਮ ਹੋਣ ਕਿਨਾਰੇ ਹਨ। ਕਿਸੇ ਸਮੇਂ ਮਨੁੱਖ ਨੇ ਸੱਪ ਦੀ ਮਣੀ (ਨਾਗਮਣੀ) ਦੀ ਕਲਪਨਾ ਕੀਤੀ ਪਰ ਅੱਜ ਵਿਗਿਆਨ ਨੂੰ ਸੱਪ ਦੀ ਹਰੇਕ ਜਾਤੀ ਦਾ ਗਿਆਨ ਹੈ ਕਿ ਕਿਸੇ ਸੱਪ ਦੇ ਮਣੀ ਨਹੀਂ ਹੁੰਦੀ। ਸੱਪ ਦੇ ਬੀਨ ’ਤੇ ਮੇਲ੍ਹਣ ਦੀ ਝੂਠੀ ਕਲਪਨਾ ਲੋਕ ਅੱਜ ਵੀ ਕਰ ਰਹੇ ਹਨ ਜਦੋਂ ਕਿ ਸੱਪ ਦੇ ਕੰਨ ਨਹੀਂ ਹੁੰਦੇ ਅਤੇ ਉਹ ਸੁਣ ਨਹੀਂ ਸਕਦਾ।

## ਰੱਬ ਅਤੇ ਕੁਦਰਤ

ਪ੍ਰਕਿਰਤੀ ਦੇ ਨਿਯਮ ਕਰੋੜਾਂ ਸਾਲਾਂ ’ਚ ਆਪਣੇ ਆਪ ਬਣੇ। ਸੂਰਜ ਦਾ ਆਪਣੀ ਧੁਰੀ ਦੁਆਲੇ ਘੁੰਮਣਾ ਅਤੇ ਹੀਲੀਅਮ ਗੈਸ ਰਾਹੀਂ ਲਗਾਤਾਰ ਬਲਣਾ, ਧਰਤੀ ਸਮੇਤ ਨੌਂ ਗ੍ਰਹਿਆਂ ਦਾ ਸੂਰਜ ਦੁਆਲੇ ਮਿੱਥੇ ਵਕਤ ਅਨੁਸਾਰ ਘੁੰਮਦੇ ਰਹਿਣਾ, ਧਰਤੀ ਦੀ ਗੁਰੂਤਾ ਖਿੱਚ ਕਾਰਨ ਚੀਜਾਂ ਦਾ ਹੇਠਾਂ ਵੱਲ ਡਿੱਗਣਾ, ਪਾਣੀ ਦਾ ਨਿਵਾਣ ਵੱਲ ਜਾਣਾ, ਇਹ ਸਭ ਕੁਦਰਤੀ ਨਿਯਮ ਹਨ ਅਤੇ ਕਿਸੇ ਨੇ ਨਹੀਂ ਬਣਾਏ। ਇਨ੍ਹਾਂ ਨਿਯਮਾਂ ਦੇ ਉਲਟ ਕੋਈ ਗੈਬੀ ਸ਼ਕਤੀ ਜਾਂ ਕਰਾਮਾਤ ਨਹੀਂ ਹੋ ਸਕਦੀ। ਪਾਣੀ ਨੂੰ ਨਿਵਾਣ ਵੱਲ ਜਾਣੋਂ ਨਹੀਂ ਰੋਕਿਆ ਜਾ ਸਕਦਾ। ਹਾਂ, ਮਨੁੱਖ ਆਪਣੀ ਅਕਲ ਨਾਲ ਡੈਮ ਆਦਿ ਬਣਾ ਕੇ ਉਸ ਨੂੰ ਫਾਇਦੇ ਲਈ ਜ਼ਰੂਰ ਵਰਤ ਸਕਦਾ ਹੈ। ਜਲਘਰ ਬਣਾ ਕੇ ਮਸ਼ੀਨਾਂ ਰਾਹੀਂ ਪਾਣੀ ਉਚਾਈ ’ਤੇ ਭੇਜ ਸਕਦਾ ਹੈ ਪਰ ਪਾਣੀ ਨੇ ਫਿਰ ਵੀ ਆਉਣਾ ਨਿਵਾਣ ਵੱਲ ਹੀ ਹੈ। ਕੋਈ ਕਰਾਮਾਤੀ ਬਾਬਾ ਪਾਣੀ ਨੂੰ ਉਚਾਈ ਵੱਲ ਨਹੀਂ ਤੋਰ ਸਕਦਾ। ਕੁਦਰਤੀ ਆਫਤਾਂ ਵਿੱਚ ਬਿਮਾਰੀਆਂ ਵੀ ਸ਼ਾਮਿਲ ਹਨ। ਮਨੁੱਖ ਨੇ ਖੋਜ ਕਰਕੇ ਚੇਚਕ, ਪੋਲੀਓ, ਕੋਹੜ ਆਦਿ ਬਿਮਾਰੀਆਂ ’ਤੇ ਕਾਬੂ ਪਾ ਲਿਆ ਹੈ। ਡੈਮ ਬਣਾ ਕੇ ਹੜ੍ਹਾਂ ਦੀ ਸਮੱਸਿਆ ਹੱਲ ਕਰ ਲਈ ਹੈ। ਅਸਮਾਨੀ ਬਿਜਲੀ ਤੋਂ ਬਚਣ ਦੇ ਉਪਾਅ ਖੋਜ ਲਏ ਹਨ। ਰੇਤਲੇ ਟਿੱਬੇ ਕਰਾਹ ਕੇ ਹਨੇਰ੍ਹੀਆਂ ਆਉਣੀਆਂ ਘੱਟ ਕਰ ਦਿੱਤੀਆਂ ਹਨ। ਇਹ ਸਭ ਵਿਗਿਆਨ ਕਾਰਨ ਹੀ ਹੋ ਰਿਹਾ ਹੈ। ਪਰ ਪੂਜਾ, ਪਾਠ ਅਤੇ ਡਰ ਸਭ ਅਗਿਆਨ ਕਾਰਨ ਹੋ ਰਿਹਾ ਹੈ। ਆਸਤਿਕ ਕਹਿੰਦੇ ਹਨ ਕਿ ਰੱਬ ਸਰਬ ਸ਼ਕਤੀਮਾਨ ਦਿਆਲੂ ਅਤੇ ਸਰਬ ਵਿਆਪਕ ਹੈ, ਕਣ ਕਣ ’ਚ ਹੋਣ ਦਾ ਦਾਅਵਾ ਅਜੇ ਵੀ ਕੀਤਾ ਜਾਂਦਾ ਹੈ। ਜੇ ਰੱਬ ਸਰਬ ਵਿਆਪਕ ਹੈ ਤਾਂ ਫਿਰ ਇਹ ਧਾਰਮਿਕ ਸਥਾਨ ਕਿਉਂ ਉਸਾਰੇ ਜਾ ਰਹੇ ਹਨ। ਜੇ ਉਹ ਦਿਆਲੂ ਅਤੇ ਸਭ ਦੇ ਦੁੱਖ ਹਰਨ ਵਾਲਾ ਹੈ ਤਾਂ ਫਿਰ ਉਸ ਨੇ ਇਹ ਦੁਨੀਆਂ ਕਿਉਂ ਬਣਾਈ, ਜਿਸ ਵਿੱਚ ਦੁੱਖ ਪੀੜਾ, ਘ੍ਰਿਣਾ ਅਤੇ ਕਾਣੀ ਵੰਡ ਹੈ।

ਪੁਰਾਤਨ ਕਾਲ ਵਿੱਚ ਮਨੁੱਖ ਦੇਵੀ ਦੇਵਤਿਆਂ ਦੀ ਪੂਜਾ ਕਰਿਆ ਕਰਦਾ ਸੀ। ਪਹਿਲਾਂ ਉਹ ਧਰਤੀ ਨੂੰ ਔਰਤ (ਦੇਵੀ) ਦੇ ਰੂਪ ਵਿੱਚ ਚਿਤਵ ਕੇ ਇਸ ਦੀ ਪੂਜਾ

ਕਰਦਾ ਸੀ। ਔਰਤ ਪ੍ਰਧਾਨ ਸਮਾਜ ਤੋਂ ਬਾਅਦ ਜਦ ਆਦਮੀ ਨੇ ਔਰਤ ਪ੍ਰਧਾਨ ਸਮਾਜ ਤੋਂ ਬਾਅਦ ਜਦ ਆਦਮੀ ਨੇ ਔਰਤ ਨੂੰ ਆਪਣੇ ਅਧੀਨ ਕਰ ਲਿਆ ਤਾਂ ਫਿਰ ਆਦਮੀ ਦੀ ਸ਼ਕਲ ਵਾਲੇ ਦੇਵਤਾ ਹੋਂਦ ਵਿੱਚ ਆਉਣ ਲੱਗੇ। ਇੱਕ ਸਮਾਂ ਅਜਿਹਾ ਆਇਆ ਜਦੋਂ ਪੁਰਸ਼ ਜਨਣ ਅੰਗ ਹੀ ਪੂਜੇ ਜਾਣ ਲੱਗੇ। ਅਰਬ ਕਵੀ ਇਸਤਰੀ ਅਤੇ ਪੁਰਸ਼ ਜਨਣ ਅੰਗਾਂ ਦੀ ਪ੍ਰਸੰਸਾ ਵਿੱਚ ਆਪਣੀ ਕਵਿਤਾ ਲਿਖਦੇ ਸਨ। ਨਿਕਾਹ ਦਾ ਅਰਥ ਹੀ ਸੰਭੋਗ ਹੈ ਸ਼ਾਦੀ ਨਹੀਂ। ਫਿਰ ਡਰ ਕਾਰਨ ਹੀ ਹਵਾ, ਅਗਨੀ, ਸੂਰਜ, ਚੰਦ, ਧਰਤੀ ਪਰਬਤ ਅਤੇ ਭਿਆਨਕ ਰੋਗ ਆਦਿ ਦੇਵਤੇ ਬਣਦੇ ਚਲੇ ਗਏ। ਇਸ ਤਰ੍ਹਾਂ ਅਗਲਾ ਪਿਛਲਾ ਜਨਮ ਅਤੇ ਨਰਕ ਸਵਰਗ ਦੀ ਵੀ ਕਲਪਨਾ ਕਰ ਲਈ ਗਈ। ਰੱਬ 'ਚ ਵਿਸ਼ਵਾਸ਼ ਪੈਦਾ ਕਰਨਾ ਅਮੀਰ ਸਮਾਜ ਲਈ ਆਪਣੀ ਅਮੀਰੀ ਕਾਇਮ ਰੱਖਣ ਲਈ ਜ਼ਰੂਰੀ ਹੋ ਗਿਆ। ਇਸ ਦੁਨੀਆਂ ਵਿੱਚ ਸਾਰੇ ਐਸ਼ ਆਰਾਮ ਅਮੀਰ ਅਤੇ ਪ੍ਰੋਹਿਤ (ਸੰਤਾਂ) ਲਈ ਇੱਥੇ ਹੀ, ਮੁਕਤੀ ਗਰੀਬ ਲਈ ਅਗਲੇ ਲੋਕ ਵਿੱਚ। ਰੱਬ ਵਿੱਚ ਵਿਸ਼ਵਾਸ਼ ਤੋਂ ਬਿਨਾ ਨਾ ਬਰਾਬਰੀ ਅਤੇ ਕਾਣੀ ਵੰਡ ਨਹੀਂ ਹੋ ਸਕਦੀ, ਸਾਰੇ ਧਰਮਾਂ ਦਾ ਬੱਸ ਇਹੋ ਹੀ ਆਧਾਰ ਹੈ। ਕੋਈ ਵੀ ਧਰਮ ਆਪਣੇ ਆਪ ਨਹੀਂ ਬਣਦਾ। ਧਰਮ ਦੇ ਨਾਂਅ 'ਤੇ ਲੜਾਈਆਂ ਅਤੇ ਕਤਲੇਆਮ ਹੁੰਦੇ ਹਨ। ਉਂਝ ਹਰ ਧਰਮ ਸ਼ਾਂਤੀ ਅਤੇ ਸ਼ਹਿਣਸ਼ੀਲਤਾ ਦਾ ਉਪਦੇਸ਼ ਦਿੰਦਾ ਹੈ ਪਰ ਧਰਮਾਂ ਵਾਲੇ ਸਭ ਤੋਂ ਵੱਧ ਅਸ਼ਾਂਤ ਅਤੇ ਅਸਹਿਣਸ਼ੀਲ ਹੁੰਦੇ ਹਨ। ਰੱਬ ਸਿਰਫ ਉਨ੍ਹਾਂ ਲਈ ਹੈ ਜੋ ਰੱਬ ਦੇ ਨਾਂਅ 'ਤੇ ਦੁਕਾਨਦਾਰੀ, ਵਪਾਰ ਕਰਦੇ ਹਨ। ਦੂਜੇ ਲੋਕਾਂ ਨੂੰ ਰੱਬ ਦੀ ਕੋਈ ਚਿੰਤਾ ਨਹੀਂ ਕਰਨੀ ਚਾਹੀਦੀ। ਧਰਮ ਕਹਿੰਦੇ ਹਨ ਕਿ ਅਰਬਾਂ ਖਰਬਾਂ ਸਾਲ ਇੱਥੇ ਧੁੰਦੂਕਾਰ ਸੀ। ਨਾ ਦਿਨ, ਨਾ ਰਾਤ, ਨਾ ਧਰਤੀ, ਨਾ ਸੂਰਜ ਕੁਝ ਵੀ ਨਹੀਂ ਸੀ। ਜਦ ਕੁਝ ਵੀ ਨਹੀਂ ਸੀ ਤਾਂ ਰੱਬ ਦੇ ਮਨ 'ਚ ਫੁਰਨਾ ਫੁਰਿਆ ਕਿ ਦੁਨੀਆਂ ਬਣਾਈ ਜਾਵੇ। ਮੁਸਲਮਾਨ ਕਹਿੰਦੇ ਹਨ ਕਿ ਰੱਬ ਨੇ ਕੁੰਨ (ਹੋ ਜਾ) ਕਿਹਾ ਅਤੇ ਦੁਨੀਆਂ ਬਣ ਗਈ। ਇਸਾਈ ਕਹਿੰਦੇ ਹਨ ਕਿ ਰੱਬ ਨੇ ਛੇ ਦਿਨਾਂ 'ਚ ਦੁਨੀਆਂ ਬਣਾਈ ਅਤੇ ਸੱਤਵੇਂ ਦਿਨ ਥੱਕ ਕੇ ਆਰਾਮ ਕੀਤਾ। ਹਿੰਦੂ ਕਹਿੰਦੇ ਹਨ ਕਿ ਰੱਬ ਨੇ ਆਪਣੀ ਨਾਭੀ 'ਚੋਂ ਕਮਲ ਅਤੇ ਕਮਲ 'ਚੋਂ ਬ੍ਰਹਮਾ ਪੈਦਾ ਕੀਤਾ। ਉਸ ਨੂੰ ਚਾਰ ਵੇਦ ਦਿੱਤੇ ਅਤੇ ਫਿਰ ਬ੍ਰਹਮਾ ਨੇ ਵੇਦਾਂ ਨੂੰ ਪੜ੍ਹ ਕੇ ਦੁਨੀਆਂ ਬਣਾਈ। ਇਸ ਗੱਲ 'ਤੇ ਸਾਰੇ ਸਹਿਮਤ ਹਨ ਕਿ ਪਹਿਲਾਂ ਕੁਝ ਨਹੀਂ, ਸੁੰਨ ਸਮਾਧ ਸੀ ਅਤੇ ਫਿਰ ਫੁਰਨਾ ਫੁਰਿਆ। ਫੁਰਨਾ ਸਿਰਫ ਮਨ ਵਿੱਚ ਹੀ ਫੁਰ ਸਕਦਾ ਹੈ, ਮਨ ਵਾਸਤੇ ਦਿਮਾਗ ਅਤੇ ਦਿਮਾਗ ਵਾਸਤੇ ਸਰੀਰ ਦੀ ਜ਼ਰੂਰਤ ਹੈ। ਜਦ ਕੁਝ ਨਹੀਂ ਸੀ ਤਾਂ ਫਿਰ ਇਹ ਫੁਰਨਾ ਕਿਸ ਨੂੰ ਅਤੇ ਕਿਵੇਂ ਫੁਰਿਆ। ਇਸਲਾਮ ਕਹਿੰਦਾ ਹੈ ਕਿ ਰੱਬ ਦਾ ਕੋਈ ਮਾਤਾ ਪਿਤਾ, ਭੈਣ-ਭਰਾ ਨਹੀਂ। ਉਸ ਦਾ ਕੋਈ ਆਕਾਰ ਨਹੀਂ। ਬੱਸ ਉਹ ਆਪਣੇ ਆਪ ਹੈ। 'ਅਜੋਨੀ ਸੈਭੰ' ਭਾਵ ਉਹ ਕਿਸੇ ਜੂਨੀ 'ਚ ਨਹੀਂ ਆਉਂਦਾ। ਫਿਰ ਜਦੋਂ ਕਹਿੰਦੇ ਹਨ ਕਿ ਈਸਾ ਮਸੀਹ, ਹਜ਼ਰਤ ਮੁਹੰਮਦ, ਰਾਮ, ਕ੍ਰਿਸ਼ਨ ਰੱਬ ਦਾ ਅਵਤਾਰ ਹਨ ਤਾਂ ਫਿਰ ਉਹ ਜੂਨੀ ਵਿੱਚ ਤਾਂ ਆ ਗਿਆ। ਹਿੰਦੂ ਤਾਂ ਮੱਛ-ਕੱਛ ਆਦਿ ਜਿਹੇ ਜੀਵਾਂ ਵਿੱਚ ਵੀ ਰੱਬ ਨੂੰ ਅਵਤਾਰ ਆਇਆ ਮੰਨਦੇ ਹਨ। ਫਿਰ ਉਹ ਤਾਂ ਅਨੇਕਾਂ ਜੂਨੀਆਂ

ਵਿੱਚ ਆ ਗਿਆ ਅਤੇ 'ਅਜੋਨੀ ਸੈ ਭੰ' ਨਾ ਹੋਇਆ।

ਆਪੋ ਆਪਣੇ ਧਰਮ ਨੂੰ ਸ੍ਰੇਸ਼ਟ ਬਣਾਉਣ ਵਾਸਤੇ ਆਦਮੀ ਹੀ ਆਦਮੀ ਦਾ ਵੈਰੀ ਬਣ ਗਿਆ। ਬਾਬਰੀ ਮਸਜਿਦ, ਰਾਮ ਮੰਦਰ ਆਦਿ ਧਰਮ ਰਾਹੀਂ ਮਨੁੱਖੀ ਦੁਸ਼ਮਣੀ ਦੀ ਮਿਸਾਲ ਹੈ। ਹਿੰਦੂਆਂ ਕੋਲ ਇੱਥ ਹਜ਼ਾਰ ਤੋਂ ਵੀ ਵੱਧ ਪਵਿੱਤਰ ਗ੍ਰੰਥ ਹਨ। ਉਨ੍ਹਾਂ ਦੇ ਤੇਤੀ ਕਰੋੜ ਰੱਬ ਹਨ। ਇਨ੍ਹਾਂ ਰੱਬਾਂ ਵਿੱਚ ਬਾਂਦਰ, ਸੱਪ, ਚੂਹਾ, ਕੱਛੂ, ਕੋਹੜ ਕਿਰਲੀ, ਗਰੜ ਅਤੇ ਰੁੱਖ ਪਿੱਪਲ, ਨਿੰਮ ਅਤੇ ਕੇਲੇ ਦਾ ਤਣਾ ਆਦਿ ਹਨ। ਪਿੱਪਲ (ਵਿਸ਼ਨੂੰ) ਅਤੇ ਨਿੰਮ ਜਾਂ ਤੁਲਸੀ (ਲਛਮੀ) ਦਾ ਆਪਸ 'ਚ ਵਿਆਹ ਕਰਵਾਇਆ ਜਾਂਦਾ ਹੈ। ਕਈ ਸ਼ਹਿਰਾਂ ਵਿੱਚ ਦੇਖਿਆ ਗਿਆ ਕਿ ਹਿੰਦੂ ਲੋਕ ਇਨ੍ਹਾਂ ਦਾ ਵਿਆਹ ਕਰਵਾਉਣ ਸਮੇਂ ਬਕਾਇਦਾ ਬਰਾਤ ਲੈ ਕੇ ਜਾਂਦੇ ਹਨ ਅਤੇ ਲੱਖਾਂ ਰੁਪਏ ਖਰਚ ਕਰਦੇ ਹਨ। ਸਰ ਵਿਲੀਅਮ ਜ਼ੋਨਜ ਅਨੁਸਾਰ ਹਿੰਦੂਆਂ ਦੇ ਜ਼ਿਆਦਾਤਰ ਰੱਬ ਭੈੜੇ ਆਚਰਣ ਵਾਲੇ ਅਤੇ ਭੋਗ ਵਿਲਾਸੀ ਹਨ। ਹਿੰਦੂ ਸਭ ਤੋਂ ਵੱਧ ਮੂਰਤੀ ਪੂਜਕ ਹਨ। (ਹੁਣ ਸਿੱਖ ਵੀ ਇਸ 'ਚ ਸ਼ਾਮਿਲ ਹਨ) ਇਸ ਮੂਰਤੀ ਪੂਜਾ ਕਾਰਨ ਹੀ ਭਾਰਤ ਵਿੱਚ ਪੁਜਾਰੀ ਵਰਗ ਅਤੇ ਅੰਧਵਿਸ਼ਵਾਸ ਪੈਦਾ ਹੋਏ। ਇੱਕ ਪਾਸੇ ਰੱਬ ਨੂੰ ਨਿਰੰਆਕਾਰ ਕਿਹਾ ਜਾਂਦਾ ਹੈ ਕਿ ਉਹ ਦੇਖਿਆ ਨਹੀਂ ਜਾ ਸਕਦਾ। ਦੂਜੇ ਪਾਸੇ ਮੂਰਤੀਆਂ ਰਾਹੀਂ ਉਸ ਨੂੰ ਖਾਸ ਆਕਾਰ ਵਿੱਚ ਬਣਾਇਆ ਜਾਂਦਾ ਹੈ। ਫਿਰ ਇਨ੍ਹਾਂ ਮੂਰਤੀਆਂ ਨੂੰ ਭੋਜਨ, ਪ੍ਰਸਾਦ ਅਤੇ ਦੁੱਧ ਆਦਿ ਚੜ੍ਹਾਇਆ ਜਾਂਦਾ ਹੈ। ਇਹ ਕਿੱਥੋਂ ਦੀ ਸਿਆਣਪ ਕਹੀ ਜਾ ਸਕਦੀ ਹੈ। ਗੌਤਮ ਬੁੱਧ ਨੇ 2600 ਸਾਲ ਪਹਿਲਾਂ ਕਿਹਾ ਸੀ ਕਿ ਕੋਈ ਰੱਬ, ਦੇਵੀ-ਦੇਵਤਾ ਨਹੀਂ ਹੈ। ਕਿਸੇ ਗ੍ਰੰਥ ਜਾਂ ਵਿਅਕਤੀ ਦੀ ਗੱਲ ਉੱਪਰ ਅੱਖਾਂ ਬੰਦ ਕਰਕੇ ਵਿਸ਼ਵਾਸ਼ ਨਾ ਕੀਤਾ ਜਾਵੇ। ਲਕੀਰ ਦੇ ਫਕੀਰ ਵਾਲੀ ਸੋਚ ਮਨੁੱਖ ਨੂੰ ਮਨੁੱਖ ਹੀ ਨਹੀਂ ਰਹਿਣ ਦਿੰਦੀ।

## ਰੱਬ ਅਤੇ ਕੁਦਰਤ

ਆਮ ਤੌਰ 'ਤੇ ਲੋਕ ਰੱਬ ਅਤੇ ਕੁਦਰਤ (ਪ੍ਰਕਿਰਤੀ) ਨੂੰ ਇੱਕੋ ਸ਼ਬਦ ਸਮਝ ਲੈਂਦੇ ਹਨ। ਜਦੋਂ ਕਿ ਕੁਦਰਤ ਇੱਕ ਠੋਸ ਹਕੀਕਤ ਹੈ ਅਤੇ ਰੱਬ ਮਹਿਜ ਕਲਪਨਾ। ਕੁਦਰਤ ਤਾਂ ਸਾਡੇ ਸਾਹਮਣੇ ਵਰਤ ਰਿਹਾ ਵਰਤਾਰਾ ਹੈ। ਰੌਲਾ ਉਦੋਂ ਪੈਂਦਾ ਹੈ ਜਦੋਂ ਕੁਦਰਤ ਦੇ ਨਾਲ ਇੱਕ ਕਾਦਰ (ਕੁਦਰਤ ਬਣਾਉਣ ਵਾਲਾ) ਸਿਰਜ ਲਿਆ ਜਾਂਦਾ ਹੈ ਅਤੇ ਕਹਿ ਦਿੱਤਾ ਜਾਂਦਾ ਹੈ ਕਿ ਰੱਬ ਦੇ ਹੁਕਮ ਬਿਨਾਂ ਪੱਤਾ ਨਹੀਂ ਹਿੱਲਦਾ। ਜਿਸ ਦਾ ਪ੍ਰਚਾਰ ਕਰਨ ਲਈ ਅੱਜ ਕੱਲ੍ਹ ਬਾਡੀਗਾਰਡ ਵਾਲਿਆਂ ਬਾਬਿਆਂ ਦੀਆਂ ਟੋਲੀਆਂ ਦੀਆਂ ਟੋਲੀਆਂ 25-25 ਲੱਖ ਵਾਲੀਆਂ ਗੱਡੀਆਂ ਲੈ ਕੇ ਘੁੰਮ ਰਹੀਆਂ ਹਨ। ਵਿਗਿਆਨ ਅਨੁਸਾਰ ਭੌਤਿਕ ਬ੍ਰਹਿਮੰਡ ਵਿੱਚ ਘਟਿਤ ਹੋ ਰਹੀਆਂ ਘਟਨਾਵਾਂ ਲਈ ਕੋਈ ਰੱਬ ਜਾਂ ਹੋਰ ਜਿੰਮੇਵਾਰ ਨਹੀਂ। ਕੁਦਰਤ ਆਪਣੇ ਆਪ ਵਿੱਚ ਸੰਪੂਰਨ ਹੈ। ਕੁਦਰਤ ਦੇ ਨਿਯਮ ਆਪਣੇ ਆਪ ਮੌਜੂਦ ਹੁੰਦੇ ਹਨ ਅਤੇ ਹਰ ਵਸਤੂ ਦੇ ਆਪਣੇ ਨਿਯਮ ਹੁੰਦੇ ਹਨ ਭਾਵ ਨਿਯਮ ਵਸਤੂਗਤ ਹੁੰਦੇ ਹਨ। ਧਰਤੀ ਅਤੇ ਦੂਸਰੇ ਗ੍ਰਹਿਆਂ ਦੀ ਗੁਰੂਤਾ ਖਿੱਚ ਕਾਰਨ ਉਨ੍ਹਾਂ ਦਾ ਇੱਕ ਦੂਜੇ ਨਾਲ ਬੱਝ ਕੇ ਆਪੋ-ਆਪਣੇ ਮਾਰਗਾਂ 'ਤੇ ਚੱਲਦੇ

ਰਹਿਣਾ, ਸੂਰਜ ਦੇ ਨੌਂ ਗ੍ਰਹਿਆਂ ਦਾ ਸੂਰਜ ਦੁਆਲੇ ਅਤੇ ਇਨ੍ਹਾਂ ਨੌਂ ਗ੍ਰਹਿਆਂ ਦੇ 63 ਉਪਗ੍ਰਹਿਆਂ (ਚੰਦਰਮਾ ਆਦਿ) ਦਾ ਗ੍ਰਹਿਆਂ ਦੁਆਲੇ ਅਤੇ 1600 ਤੋਂ ਵੱਧ ਲਘੂ ਗ੍ਰਹਿਆਂ ਅਤੇ ਪੂਛਲ ਤਾਰਿਆਂ, ਉਲਕਾਪਾਤਾਂ ਦਾ ਸੂਰਜੀ ਪਰਿਵਾਰ 'ਚ ਘੁੰਮਦੇ ਰਹਿਣਾ ਕਰੋੜਾਂ ਵਰ੍ਹਿਆਂ ਦੇ ਵਿਕਾਸ ਦਾ ਨਤੀਜਾ ਹੈ। ਧਰਤੀ ਦਾ ਆਪਣੀ ਧੁਰੀ ਦੁਆਲੇ ਘੁੰਮਣਾ, ਦਿਨ-ਰਾਤ ਬਨਣੇ, ਹਵਾ ਦਾ ਹਲਕੇ ਪਾਸੇ ਵੱਲ ਨੂੰ ਵਗਣਾ, ਜਨਮ ਅਤੇ ਮੌਤ, ਇਹ ਸਭ ਕੁਦਰਤੀ ਨਿਯਮ ਹਨ। ਹਰ ਪੈਦਾ ਹੋਣ ਵਾਲੀ ਚੀਜ਼ ਨੇ ਇੱਕ ਦਿਨ ਖਤਮ ਵੀ ਹੋਣ ਵਾਲੇ ਨਿਯਮ ਨੂੰ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਮਾਦੇ ਨੇ ਹੀ ਖਤਮ ਹੋ ਜਾਣਾ ਹੈ। ਬਸ ਇਸ ਦਾ ਲੈ ਦੇ ਕੇ ਇਹੀ ਅਰਥ ਲਿਆ ਜਾਣਾ ਚਾਹੀਦਾ ਹੈ ਕਿ ਮਾਦੇ ਦੇ ਨਿਸ਼ਚਿਤ ਨਿਯਮਾਂ ਅਧੀਨ ਆਪਣਾ ਪਹਿਲਾ ਰੂਪ ਵਟਾ ਲਿਆ ਹੈ। ਮਾਦਾ ਹਰ ਸਮੇਂ ਬ੍ਰਹਿਮੰਡ ਵਿੱਚ ਹਾਜ਼ਰ ਹੈ। ਹਵਾ, ਪਾਣੀ, ਰੌਸ਼ਨੀ ਆਦਿ ਸਭ ਮਾਦੇ ਦੇ ਹੀ ਰੂਪ ਹਨ।

## ਨਛੱਤਰ ਮਾੜਾ ਸੀ

'ਕਹਿਣ ਉਮੀਦਵਾਰ ਨਛੱਤਰ ਮਾੜਾ ਸੀ, ਚੋਣਾਂ ਗਏ ਹਾਂ ਹਾਰ ਨਛੱਤਰ ਮਾੜਾ ਸੀ।' ਇਹ ਸ਼ੇਅਰ ਪੜ੍ਹਦਿਆਂ ਨਛੱਤਰ ਅਤੇ ਰਾਸ਼ੀਆਂ ਦੀ ਅਸਲੀਅਤ ਜਾਨਣ ਦੀ ਜਿਗਿਆਸਾ ਮਨ 'ਚ ਹੋਈ, ਜੋ ਕਿ ਇਸ ਤਰ੍ਹਾਂ ਹੈ। ਜੋਤਸ਼ੀ ਤਾਰਿਆਂ ਦੇ ਸਮੂਹ ਨੂੰ ਨਛੱਤਰ (ਹਿੰਦੀ 'ਚ ਨਖਸ਼ੱਤਰ) ਕਹਿੰਦੇ ਹਨ। ਰਾਤ ਨੂੰ ਜੇ ਤਾਰਿਆਂ ਦੇ ਝੁੰਡ ਨੂੰ ਗਹੁ ਨਾਲ ਦੇਖੀਏ ਤਾਂ ਕੋਈ ਸ਼ਕਲ ਜਿਹੀ ਬਣਦੀ ਨਜ਼ਰ ਆਉਂਦੀ ਹੈ। ਇਸੇ ਸ਼ਕਲ ਨੂੰ ਹੀ ਨਛੱਤਰ ਕਹਿੰਦੇ ਹਨ। ਅਜਿਹੇ 88 ਦੇ ਕਰੀਬ ਨਛੱਤਰ ਹਨ। ਜਿਨ੍ਹਾਂ ਦੇ ਨਾਂਅ ਹਰ ਦੇਸ਼ ਅਤੇ ਭਾਸ਼ਾ 'ਚ ਵੱਖੋ ਵੱਖ ਹਨ। ਪੱਛਮ 'ਚ ਜਿਸ ਨਛੱਤਰ ਨੂੰ ਉਰਸਾ ਮੇਜਰ ਜਾਂ ਗਰੇਟ ਬੀਅਰ ਕਹਿੰਦੇ ਹਨ, ਉਸ ਨੂੰ ਭਾਰਤ 'ਚ ਸਪਤਰਿਸ਼ੀ ਕਹਿੰਦੇ ਹਨ। ਇਸੇ ਤਰ੍ਹਾਂ ਭਾਰਤ 'ਚ ਬ੍ਰਿਸ਼ਚਕ ਅਤੇ ਹਿਰਨ ਕਹੇ ਜਾਣ ਵਾਲੇ ਨਛੱਤਰਾਂ ਨੂੰ ਪੱਛਮ 'ਚ ਸਕਾਰਪੀਓ ਅਤੇ ਓਰੀਅਨ ਕਿਹਾ ਜਾਂਦਾ ਹੈ। ਇਨ੍ਹਾਂ 88 ਨਛੱਤਰਾਂ 'ਚੋਂ ਹੀ ਬਾਰਾਂ ਰਾਸ਼ੀਆਂ ਬਣਾਈਆਂ ਗਈਆਂ ਹਨ। ਇਹ 12 ਰਾਸ਼ੀਆਂ ਤਾਰਿਆਂ ਦੇ ਝੁੰਡਾਂ ਦੀਆਂ ਕਲਪਿਤ ਕੀਤੀਆਂ ਸ਼ਕਲਾਂ ਹਨ। ਇਸ ਰਾਸ਼ੀ ਮੰਡਲ ਨੂੰ ਜੋਡਿਅਕ ਕਿਹਾ ਜਾਂਦਾ ਹੈ। ਇਨ੍ਹਾਂ ਜੋਡਿਅਕ ਚਿੰਨ੍ਹਾਂ ਦੇ ਅਗਿਆਨ ਵਿੱਚ ਅੱਜ ਦਾ ਪੜ੍ਹਿਆ ਲਿਖਿਆ ਵਰਗ ਵੀ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਕਈ ਲੋਕ ਤਾਂ ਅਖਬਾਰ 'ਚ ਰਾਸ਼ੀਫਲ ਤੋਂ ਬਿਨਾਂ ਹੋਰ ਕੁਝ ਪੜ੍ਹਦੇ ਹੀ ਨਹੀਂ। ਇਹ ਇੱਕ ਬਹੁਤ ਹੀ ਜ਼ਾਲਿਮਾਨਾ ਮਜ਼ਾਕ ਜੋਤਸ਼ੀਆਂ ਵੱਲੋਂ ਹਰ ਰੋਜ਼ ਲੋਕਾਂ ਨਾਲ ਕੀਤਾ ਜਾਂਦਾ ਹੈ। ਅਸਲ ਵਿੱਚ ਜਿਹੜਾ ਵੀ ਆਦਮੀ ਕਿਸੇ ਗੈਬੀ ਸ਼ਕਤੀ ਸਹਾਰੇ ਆਪਣਾ ਭਵਿੱਖ ਜਾਣਨ ਲਈ ਉਤਾਵਲਾ ਹੈ, ਉਸ ਵਿੱਚ ਸਵੈ-ਵਿਸ਼ਵਾਸ ਦੀ ਘਾਟ ਹੁੰਦੀ ਹੈ।

ਰਾਸ਼ੀ ਕੀ ਹੈ? ਖਾਲੀ ਅਸਮਾਨ ਦੀ ਫਰਜ਼ੀ ਵੰਡ। ਇਸੇ ਤਰ੍ਹਾਂ ਜਨਮ ਕੁੰਡਲੀ

ਵੀ ਅਕਾਸ਼ੀ ਨਛੱਤਰਾਂ ਅਤੇ ਗ੍ਰਹਿਆਂ ਦਾ ਇੱਕ ਨਕਸ਼ਾ ਹੈ ਕਿ ਜਦੋਂ ਤੁਸੀਂ ਜਨਮ ਲਿਆ, ਉਦੋਂ ਅਕਾਸ਼ੀ ਗ੍ਰਹਿ, ਨਛੱਤਰ ਆਦਿ ਕਿਸ ਸਥਿਤੀ 'ਚ ਸਨ। ਧਰਤੀ ਸੂਰਜ ਦੁਆਲੇ ਘੁੰਮਦੀ ਹੋਣ ਕਾਰਨ ਤਾਰਿਆਂ ਅਤੇ ਗ੍ਰਹਿਆਂ ਦੀ ਸੇਧ ਬਦਲਦੀ ਰਹਿੰਦੀ ਹੈਂ। ਜੋਤਸ਼ੀਆਂ ਨੇ ਖਾਲੀ ਪੁਲਾੜ ਨੂੰ ਬਾਰਾਂ ਹਿੱਸਿਆਂ 'ਚ ਵੰਡ ਲਿਆ ਹੈ। ਹਰ ਰਾਸ਼ੀ ਖੰਡ ਦੇ ਅੱਗੇ ਨੌਂ ਭਾਗ ਕਰ ਦਿੱਤੇ ਗਏ ਹਨ। ਇਸ ਤਰ੍ਹਾਂ ਅਸਮਾਨ ਨੂੰ 108 ਭਾਗਾਂ 'ਚ ਵੰਡਿਆ ਗਿਆ ਹੈ। ਐਨੇ ਨਾਂਅ ਰੱਖਣੇ ਮੁਸ਼ਕਿਲ ਹੋਣ ਕਾਰਨ ਹਰ ਭਾਗ ਦੀ ਪਛਾਣ ਰੱਖਣ ਲਈ ਸੰਸਕ੍ਰਿਤ ਦੀਆਂ 108 ਧੁਨੀਆਂ ਲੈ ਕੇ ਹਰ ਭਾਗ ਦੀ ਪਛਾਣ ਇੱਕ ਧੁਨੀ ਨਾਲ ਕੀਤੀ ਗਈ ਹੈ। ਮਿਸਾਲ ਦੇ ਤੌਰ 'ਤੇ ਕੁੰਭ ਰਾਸ਼ੀ ਲਈ ਧੁਨੀ ਗੂ, ਗੇ, ਗੋ, ਸਾ, ਸੀ, ਸੁ, ਸੇ ਸਾ ਆਦਿ। ਜੋਤਸ਼ੀਆਂ ਨੇ ਇਸੇ ਹਿਸਾਬ ਨਾਲ ਜਨਮ ਵੇਲੇ ਧਰਤੀ ਜਿਸ ਭਾਗ 'ਚ ਹੋਵੇ ਉਸੇ ਧੁਨੀ ਨਾਲ ਸਬੰਧਤ ਨਾਂਅ ਰੱਖਣ ਦੀ ਤਜਵੀਜ ਕੀਤੀ। ਭਾਵ ਰਾਸ਼ੀ ਪਹਿਲਾਂ, ਨਾਮ ਬਾਅਦ ਵਿੱਚ। ਹੁਣ ਸਾਡੇ ਰਾਸ਼ੀਫਲ ਦੇਖਣ ਵਾਲੇ ਇਹ ਵੀ ਨਹੀਂ ਸਮਝਦੇ ਕਿ ਉਨ੍ਹਾਂ ਦਾ ਨਾਂਅ ਤਾਂ ਪਹਿਲਾਂ ਰੱਖਿਆ ਹੁੰਦਾ ਹੈ ਪਰ ਰਾਸ਼ੀ ਬਾਅਦ 'ਚ ਬਣਦੀ ਹੈ। (ਉਂਜ ਜੇ ਰਾਸ਼ੀ ਮੁਤਾਬਿਕ ਵੀ ਨਾਂਅ ਰੱਖਿਆ ਜਾਵੇ ਤਾਂ ਇਹ ਸੱਚ ਨਹੀਂ)। ਪਰ ਰਾਸ਼ੀਫਲ ਦੇਖਣ ਵਾਲਿਆਂ ਨੂੰ ਐਨੀ ਕੁ ਗੱਲ ਦਾ ਵੀ ਗਿਆਨ ਨਹੀਂ ਕਿ ਰਾਸ਼ੀ ਬਣਦੀ ਕਿਵੇਂ ਹੈ।

ਜੋਡਿਅਕ (ਰਾਸ਼ੀਫਲ) ਚਿੰਨ੍ਹਾਂ ਦਾ ਸਬੰਧ ਸੂਰਜ ਤਾਰਿਆਂ ਨਾਲ ਹੈ। ਬਾਰਾਂ ਰਾਸ਼ੀਆਂ ਦੇ ਨਛੱਤਰਾਂ ਦੀ ਸ਼ਕਲ ਧਿਆਨ ਨਾਲ ਦੇਖੋ ਤਾਂ ਤੁਹਾਨੂੰ ਤਾਰਿਆਂ ਦੇ ਝੁੰਡਾਂ ਦੀਆਂ ਬਣਦੀਆਂ ਸ਼ਕਲਾਂ (ਜੋਤਸ਼ੀਆਂ ਅਨੁਸਾਰ) ਇਸ ਤਰ੍ਹਾਂ ਨਜ਼ਰ ਆਉਣਗੀਆਂ, ਉਦਾਹਰਣ ਵਜੋਂ ਤੁਲਾ (ਲਿਬਰਾ) ਰਾਸ਼ੀ ਦੇ ਤਾਰੇ ਤੱਕੜੀ ਵਰਗੀ ਸ਼ਕਲ ਬਣਾਉਂਦੇ ਹਨ। ਇਸ ਤਰ੍ਹਾਂ ਦੂਸਰੀਆਂ ਰਾਸ਼ੀਆਂ ਏਰੀਜ਼-ਦੁੰਬਾ, ਟਾਰਸ-ਬਲਦ ਤੇ ਬੱਕਰੀ, ਕੈਪਰੀਕਾਰਨ (ਮੀਨ) ਮੱਛੀ ਅਤੇ ਇਸੇ ਤਰ੍ਹਾਂ ਬਾਕੀ ਰਾਸ਼ੀਆਂ ਜਿਵੇਂ ਮਿਥੁਨ ਦਾ ਅਰਥ ਹੈ ਸੰਭੋਗ, ਇਸ ਰਾਸ਼ੀ ਦੇ ਤਾਰੇ ਲੰਮੇ ਪਏ ਨਰ-ਨਾਰੀ ਵਰਗੀ ਸ਼ਕਲ ਬਣਾਉਂਦੇ ਹਨ, ਸਿੰਘ ਰਾਸ਼ੀ ਦੇ ਤਾਰੇ ਸ਼ੇਰ ਵਰਗੀ ਅਤੇ ਕੰਨਿਆ ਰਾਸ਼ੀ ਦੇ ਤਾਰੇ ਕੁੜੀ ਵਰਗੀ ਸ਼ਕਲ ਬਣਾਉਂਦੇ ਲੱਗਦੇ ਹਨ। ਹੁਣ ਅਸੀਂ ਸਾਰੇ ਜਾਣਦੇ ਹੀ ਹਾਂ ਕਿ ਧਰਤੀ ਸੂਰਜ ਦੁਆਲੇ ਚੱਕਰ ਕੱਟਦੀ ਹੈ, ਪਰ ਜੋਤਸ਼ੀ ਕਹਿੰਦੇ ਹਨ ਕਿ ਸੂਰਜ, ਧਰਤੀ ਦੁਆਲੇ ਚੱਕਰ ਕੱਟਦਾ ਹੈ ਅਤੇ ਬਾਰਾਂ ਮਹੀਨਿਆਂ 'ਚ ਵੱਖ-ਵੱਖ ਰਾਸ਼ੀਆਂ ਵਿੱਚ ਦੀ ਹੁੰਦਾ ਹੋਇਆ ਆਪਣਾ ਚੱਕਰ ਪੂਰਾ ਕਰਦਾ ਹੈ। ਜਿਸ ਮਕਾਨ ਦੀ ਨੀਂ ਹੀ ਗਲਤ ਹੋਵੇ, ਉਸ ਨੇ ਸਿਰੇ ਕੀ ਲੱਗਣਾ ਹੋਇਆ। ਜੋਤਸ਼ੀਆਂ ਅਨੁਸਾਰ ਕਿਸੇ ਵੀ ਰਾਸ਼ੀ ਦੇ ਲੱਛਣ ਉਸ ਰਾਸ਼ੀ ਦੇ ਚਿੰਨ੍ਹ ਨਾਲ ਮਿਲਦੇ ਜੁਲਦੇ ਹਨ। ਮਿਸਾਲ ਵਜੋਂ ਮੀਨ ਰਾਸ਼ੀ ਵਾਲੇ ਵਿੱਚ ਮੱਛੀ ਵਰਗੀ ਚੰਚਲਤਾ ਅਤੇ ਬੇਚੈਨੀ, ਤੁਲਾ, ਤੱਕੜੀ ਵਾਂਗ ਸੰਤੁਲਿਤ ਅਤੇ ਸਿੰਘ, ਸ਼ੇਰ ਵਾਂਗ ਦਲੇਰ ਹੁੰਦਾ ਹੈ ਆਦਿ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਸਾਰੇ ਤਾਰੇ ਇੱਕੋ ਤਲ 'ਚ ਨਹੀਂ ਹੁੰਦੇ। ਟਿਮਕਣਿਆਂ ਵਾਂਗ ਦਿਸਦੇ ਤਾਰਿਆਂ 'ਚੋਂ ਕਈ ਤਾਂ ਸਾਡੇ ਸੂਰਜ ਨਾਲੋਂ ਵੀ ਸੈਂਕੜੇ ਗੁਣਾ ਵੱਡੇ ਹਨ ਅਤੇ ਵੱਖ-ਵੱਖ ਦੂਰੀਆਂ 'ਤੇ ਸਥਿਤ ਹਨ। ਬੇਸ਼ੱਕ

ਧਰਤੀ ਤੋਂ ਦੇਖਿਆਂ ਇਨ੍ਹਾਂ ਨਛੱਤਰਾਂ ਦੀ ਇੱਕ ਖਾਸ ਸ਼ਕਲ ਨਜ਼ਰ ਆਉਂਦੀ ਹੈ। ਪਰ ਪੁਲਾੜ 'ਚ ਜਾ ਕੇ ਦੇਖਣ 'ਤੇ ਇਹ ਸ਼ਕਲ ਖਤਮ ਹੋ ਜਾਂਦੀ ਹੈ। ਤਾਰਿਆਂ ਦੀ ਉਮਰ ਅਰਬਾਂ, ਕਰੋੜਾਂ ਵਰ੍ਹੇ ਹੁੰਦੀ ਹੈ ਅਤੇ ਹਰ ਤਾਰਾ ਨਿਸ਼ਚਿਤ ਸਪੀਡ ਨਾਲ ਕਿਸੇ ਦਿਸ਼ਾ ਵੱਲ ਜਾ ਰਿਹਾ ਹੈ। ਜੋਤਸ਼ੀਆਂ ਅਨੁਸਾਰ ਇਹ ਸਾਰੇ ਸਥਿਰ ਹਨ। ਲੱਖਾਂ ਸਾਲ ਪਹਿਲਾਂ ਇਨ੍ਹਾਂ ਨਛੱਤਰਾਂ ਦੀ ਸ਼ਕਲ ਕੋਈ ਹੋਰ ਸੀ ਅਤੇ ਲੱਖਾਂ ਸਾਲ ਬਾਅਦ ਕੋਈ ਹੋਰ ਸ਼ਕਲ ਹੋਵੇਗੀ। ਇਸ ਤਰ੍ਹਾਂ ਇੱਕ ਰਾਸ਼ੀ ਹਮੇਸ਼ਾ ਕਿਵੇਂ ਮੰਨੀ ਜਾ ਸਕਦੀ ਹੈ। ਜੋਤਿਸ਼ ਮੁਤਾਬਿਕ ਧਰਤੀ ਖੜ੍ਹੀ ਹੈ ਅਤੇ ਸੂਰਜ ਇਸ ਦੁਆਲੇ ਚੱਕਰ ਕੱਟ ਰਿਹਾ ਹੈ। (400 ਸਾਲ ਪਹਿਲਾਂ ਹੀ ਗਲੈਲੀਓ-ਕਾਪਰਨਿਕਸ ਵਰਗੇ ਵਿਗਿਆਨੀਆਂ ਨੇ ਇਸ ਸਿਧਾਂਤ ਦਾ ਭੋਗ ਪਾ ਦਿੱਤਾ ਸੀ) ਅੱਜ ਅਸੀਂ ਪੁਲਾੜ 'ਚੋਂ ਧਰਤੀ ਘੁੰਮਦੀ ਦੇਖਦੇ ਹਾਂ ਅਤੇ ਇਸ ਦੀਆਂ ਤਸਵੀਰਾਂ ਅਖਬਾਰਾਂ 'ਚ ਛਪਦੀਆਂ ਹਨ। ਇਸ ਦੇ ਬਾਵਜੂਦ ਜੋਤਸ਼ੀ ਧਰਤੀ ਖੜ੍ਹੀ ਕਹਿ ਕੇ ਰਾਸ਼ੀਫਲ ਦੁਆਰਾ ਲੋਕਾਂ ਨੂੰ ਮੂਰਖ ਬਣਾ ਕੇ ਲੁੱਟ ਰਹੇ ਹਨ। ਪੜ੍ਹੇ ਲਿਖੇ ਲੋਕ ਵੀ ਫਖਰ ਨਾਲ ਕਹਿੰਦੇ ਹਨ ਕਿ ਅੱਜ ਮੇਰੇ ਰਾਸ਼ੀਫਲ 'ਚ ਆਹ ਲਿਖਿਆ ਹੈ। ਅੱਜ ਦਾ ਯੁੱਗ ਵਿਗਿਆਨ ਅਤੇ ਤਰਕ ਦਾ ਯੁੱਗ ਹੈ, ਪਰ ਲਕੀਰ ਦੇ ਫਕੀਰ ਅੱਖਾਂ ਮੀਟ ਕੇ ਹਨੇਰਿਆਂ 'ਚ ਹੀ ਰਹਿ ਕੇ ਖੁਸ਼ ਹਨ। ਬਕੌਲ ਸ਼ਾਇਰ "ਉਲੂਆਂ ਵਾਂਗ ਗੁਫਾਵਾਂ ਦੇ ਵਿੱਚ ਮੈਂ ਵੀ ਇੰਜ ਹੀ ਜੀਅ ਲੈਣਾ ਸੀ, ਜੇ ਚਾਨਣ ਦੀ ਤਾਂਘ ਨਾ ਹੁੰਦੀ, ਮੈਂ ਸੂਰਜ ਤੋਂ ਕੀ ਲੈਣਾ ਸੀ।"

ਕਾਸ਼ ਰੱਬ ਹੁੰਦਾ<br>
ਕਾਸ਼ ਹੁੰਦਾ ਕੋਈ ਰੱਬ ਅਸਮਾਨ ਉੱਤੇ, ਸਾਰੀ ਸ੍ਰਿਸ਼ਟੀ ਜਿਹੜਾ ਕੰਟਰੋਲ ਕਰਦਾ।<br>
ਥਾਂ-ਥਾਂ ਮੰਦਿਰ ਬਣਾਉਣ ਵਾਲਿਆਂ 'ਤੇ, ਡੰਡਾ ਫੇਰਦਾ ਅਤੇ ਛਿਤਰੌਲ ਕਰਦਾ।<br>
ਲਾਉਣ ਦਿੰਦਾ ਨਾ ਉੱਚੀ ਸਪੀਕਰਾਂ ਨੂੰ, ਇਨ੍ਹਾਂ ਭਾਈਆਂ ਨੂੰ ਬੋਲ-ਕਬੋਲ ਕਰਦਾ।<br>
ਢਿੱਲੋਂ ਸੱਚੀਮੁੱਚੀ ਜੇ ਹੁੰਦਾ ਪਰਮਾਤਮਾ ਤਾਂ, ਇੱਥੇ ਲੋਟੂ ਨਾ ਕੋਈ ਕਲੋਲ ਕਰਦਾ।

## ਬੰਦਾ ਹੀ ਬੱਸ.....

"ਬੰਦਾ ਹੀ ਬੱਸ ਬਣਾਉਂਦਾ ਹੈ। ਬੰਦਾ ਹੀ ਬੱਸ ਚਲਾਉਂਦਾ ਹੈ। ਬੰਦਾ ਹੀ ਟਿਕਟਾਂ ਕੱਟਦਾ ਹੈ, ਬੰਦਾ ਹੀ ਟਿਕਟ ਕਟਾਉਂਦਾ ਹੈ। ਬੰਦਾ ਹੀ ਰੱਬ ਬਣਾ ਕੇ ਫਿਰ ਉਸ ਤਾਈਂ ਆਪ ਧਿਆਉਂਦਾ ਹੈ। ਹਰ ਚੀਜ਼ ਬਣੀ ਹੈ ਬੰਦੇ ਤੋਂ, ਹਰ ਚੀਜ਼ ਬਣਾਉਂਦਾ ਹੈ ਬੰਦਾ। ਬੰਦਾ ਹੀ ਆਖਰ ਪਾ ਲੈਂਦਾ ਹੈ ਆਪਣੇ ਗੱਲ ਦੇ ਵਿੱਚ ਵੀ ਫੰਦਾ।

ਬੰਦਾ ਹੀ ਸਰਬਸ਼ਕਤੀਮਾਨ ਹੈ। ਬੰਦਾ ਆਪ ਹੀ ਦੇਵਤਿਆਂ ਦੀ ਮੂਰਤੀ ਬਣਾ ਕੇ ਆਪ ਹੀ ਪੂਜਾ ਕਰਦਾ ਹੈ। ਕਬੀਰ ਬਾਣੀ 'ਚ ਲਿਖਿਆ ਹੈ, "ਪਤੀ ਤੋਰੇ ਮਾਲਣੀ, ਪਾਤੀ ਪਾਤੀ ਜੀਓ, ਜਿਸ ਪਾਹਨ ਕੋ ਪਾਤੀ ਤੋਰੇ ਸੋ ਪਾਹਨ ਨਿਰਜੀਓ" ਭਾਵ ਮਾਲਣ ਪੱਥਰ ਦੇ ਦੇਵਤਿਆਂ ਅੱਗੇ ਅਰਪਣ ਕਰਨ ਲਈ ਫੁੱਲ ਪੱਤੀਆਂ ਤੋੜਦੀ ਹੈ। ਸਾਰੀਆਂ ਫੁੱਲ ਪੱਤੀਆਂ ਵਿੱਚ ਜਾਨ ਹੈ। ਜਦੋਂ ਕਿ ਪੱਥਰ ਲਈ ਉਹ ਤੋੜਦੀ ਹੈ ਉਹ ਪੱਥਰ

ਨਿਰਜਿੰਦ ਹੈ। ਇਹ ਸਭ ਬੰਦੇ ਦੇ ਮਨ ਦਾ ਡਰ ਹੈ। ਛਲਾਵਾ, ਭਰਮ, ਮ੍ਰਿਗਤ੍ਰਿਸ਼ਨਾ। ਕਹਿੰਦੇ ਹਨ ਅਸਫਲਤਾ ਦਾ ਅਰਥ ਹੈ ਸਫਲਤਾ ਲਈ ਪੂਰੇ ਯਤਨ ਨਹੀਂ ਕੀਤੇ ਗਏ। ਪਰ ਮਨੁੱਖ ਆਪਣੀ ਹਾਰ ਸਿਤਾਰਿਆਂ, ਗ੍ਰਹਿਆਂ, ਕਿਸਮਤ ਸਿਰ ਮੜ੍ਹ ਕੇ ਸੁਰਖਰੂ ਹੋ ਜਾਂਦਾ ਹੈ। ਉਸ ਨੂੰ ਲੱਗਦਾ ਹੈ ਕਿ ਮੈਂ ਤਾਂ ਕੋਈ ਕਸਰ ਨਹੀਂ ਛੱਡੀ ਬੱਸ ਸਿਤਾਰੇ ਹੀ ਗਰਦਿਸ਼ ਵਿੱਚ ਸਨ।

ਜਿਨ੍ਹਾਂ ਨੂੰ ਆਪਣੇ ਕੰਮ ਨਾਲ ਇਸ਼ਕ ਹੁੰਦਾ ਹੈ ਉਹ ਕਦੇ ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਨਹੀਂ ਕਰਦੇ। ਬਕੌਲ ਸ਼ਾਇਰ "ਰਾਣੀ ਝਾਂਸੀ ਬਣ ਸਿੱਖ ਸੰਘਰਸ਼ ਕਰਨਾ, ਵਿਹਲੜ ਮਿਰਜ਼ਿਆਂ ਪਿੱਛੇ ਨਾ ਲੱਗ ਅੜੀਏ।" ਵਿਹਲੜ ਰਾਂਝਿਆਂ ਦਾ ਜ਼ਿੰਦਗੀ 'ਚ ਕੋਈ ਮਕਸਦ ਨਹੀਂ ਹੁੰਦਾ। ਮਾਨਸਿਕ ਰੋਗੀ ਕਿਸਮ ਦੇ ਇਨ੍ਹਾਂ ਮਹੀਂਵਾਲਾਂ ਦੇ ਗੀਤ ਕਵਿਤਾਵਾਂ ਲਿਖ ਕੇ ਕਵੀ ਆਪਣੀ ਜ਼ਿਹਨੀ ਅਯਾਸ਼ੀ ਪੂਰੀ ਕਰਦੇ ਹਨ ਅਤੇ ਸਰੋਤੇ ਆਪਣੀ ਵਾਸਨਾ ਕਲਪਨਾ 'ਚ ਹੀ ਤ੍ਰਿਪਤ ਹੋਈ ਸਮਝਦੇ ਹਨ। ਸ਼ਹੀਦ ਭਗਤ ਸਿੰਘ ਤੇ ਸਾਥੀ, ਚਾਰਲਸ ਡਾਰਵਿਨ ਅਤੇ ਆਈਨਸਟਾਈਨ ਵਰਗੇ ਵਿਗਿਆਨੀਆਂ ਤੋਂ ਵੱਡਾ ਕੋਈ ਆਸ਼ਕ ਨਹੀਂ ਹੋ ਸਕਦਾ। ਜਿਨ੍ਹਾਂ ਦੇ ਇਸ਼ਕ ਸਦਕਾ ਅੱਜ ਮਨੁੱਖ ਆਜ਼ਾਦੀ ਦਾ ਨਿੱਘ ਅਤੇ ਸੁੱਖ ਸਹੂਲਤਾਂ ਮਾਣ ਰਿਹਾ ਹੈ। ਡਾ. ਇਬਰਾਹੀਮ ਟੀ. ਕਵੂਰ ਜਿਹੇ ਮਨੁੱਖ ਵੱਖਰੀ ਕਿਸਮ ਦੇ ਆਸ਼ਕ ਹਨ। ਜੋ ਮਨੁੱਖੀ ਮਨ 'ਚੋਂ ਡਰ ਅਤੇ ਅੰਧ-ਵਿਸ਼ਵਾਸ ਦੀ ਧੁੰਦ ਲਾਹੁੰਦਿਆਂ ਆਪਣਾ ਸਾਰਾ ਜੀਵਨ ਮਨੁੱਖਤਾ ਦੇ ਲੇਖੇ ਲਾ ਜਾਂਦੇ ਹਨ। ਉਨ੍ਹਾਂ ਦੀ ਬਦੌਲਤ ਚੱਲੀ ਮਰਨ ਉਪਰੰਤ ਸਰੀਰ ਦਾਨ ਦੀ ਲਹਿਰ ਅੱਜ ਮਨੁੱਖਤਾ ਦੇ ਭਲੇ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਸ਼੍ਰੋਮਣੀ ਕਵੀਸ਼ਰ ਮਰਹੂਮ ਕਰਨੈਲ ਸਿੰਘ ਪਾਰਸ ਨੇ ਬਰਗਾੜੀ ਤਰਕਸ਼ੀਲ ਮੇਲੇ 'ਚ ਕਿਹਾ ਸੀ ਕਿ ਜੋ ਕੋਈ ਗੈਬੀ ਸ਼ਕਤੀ ਨਾਲ ਉਨ੍ਹਾਂ ਦੀ ਕਾਰ ਦੇ ਟਾਇਰਾਂ ਦੀ ਹਵਾ ਕੱਢ ਦੇਵੇ ਅਤੇ ਫਿਰ ਬਿਨ੍ਹਾਂ ਕਿਸੇ ਯੰਤਰ ਤੋਂ ਭਰ ਦੇਵੇ ਤਾਂ ਆਪਣੀ ਸਾਰੀ ਜਾਇਦਾਦ ਉਹਦੇ ਨਾਂ ਲਵਾ ਦੇਣਗੇ। ਸਮਾਜ ਦਾ ਵਿਕਾਸ ਮਨੁੱਖੀ ਹਿੰਮਤ ਅਤੇ ਮਨੁੱਖੀ ਹੱਥਾਂ ਦੇ ਕ੍ਰਿਸ਼ਮੇ ਹਨ ਕਿਉਂਕਿ ਜੰਮਣ ਵੇਲੇ ਬੰਦਾ ਖਾਲੀ ਹੱਥ ਜੰਮਦਾ ਹੈ। ਪਰ ਉਸ ਕੋਲ ਉਸ ਦਾ ਦਿਮਾਗ ਹੀ ਸਭ ਤੋਂ ਵੱਡਾ ਹਥਿਆਰ ਹੁੰਦਾ ਹੈ ਜੋ ਕਰਾਮਾਤਾਂ ਕਰਕੇ ਦਿਖਾਉਂਦਾ ਹੈ।

## ਭਟਕੇ ਮਨ ਦਾ ਕਰੇ ਵਿਕਾਸ

ਈਸਾ ਤੋਂ 2600 ਸਾਲ ਪਹਿਲਾਂ ਮਹਾਤਮਾ ਬੁੱਧ ਨੇ ਕਿਹਾ ਸੀ ਕਿ ਕਿਸੇ ਗੱਲ ਨੂੰ ਸਿਰਫ਼ ਇਸੇ ਲਈ ਨਾ ਮਨੋ ਕਿ ਇਹ ਫਲਾਣੇ ਗ੍ਰੰਥ 'ਚ ਲਿਖੀ ਹੋਈ ਹੈ ਜਾਂ ਇਸ ਨੂੰ ਸਾਡੇ ਫਲਾਣੇ ਆਦਮੀ ਨੇ ਕਿਹਾ ਹੈ। ਹਰ ਗੱਲ ਨੂੰ ਬੁੱਧੀ ਦੇ ਵਿਵੇਕ ਰਾਹੀਂ ਪਰਖੋ। ਜੋ ਗੱਲ ਦਲੀਲ, ਕਸਵੱਟੀ 'ਤੇ ਪੂਰੀ ਉਤਰਦੀ ਹੈ। ਸਿਰਫ਼ ਉਸੇ ਨੂੰ ਹੀ ਮੰਨੋ। ਉਨ੍ਹਾਂ ਆਪਣੇ ਸ਼ਾਗਿਰਦਾਂ ਨੂੰ ਕਿਹਾ ਕਿ ਮੇਰੀਆਂ ਗੱਲਾਂ ਵੀ ਤਾਂ ਮੰਨਿਓ, ਜੇ ਇਹ ਪਰਖ 'ਤੇ ਪੂਰੀਆਂ ਉਤਰਦੀਆਂ ਹੋਣ, ਪਰ ਕਿਉਂਕਿ ਕਿਸੇ ਵੀ ਧਰਮ ਵਿੱਚ ਪਰਖ, ਕਸਵੱਟੀ ਜਾਂ ਪੜਚੋਲ ਲਈ ਕੋਈ ਥਾਂ ਨਹੀਂ ਹੁੰਦੀ। ਇਸੇ ਲਈ ਬੁੱਧ ਦੇ ਪ੍ਰਵਚਨ ਵੀ

ਰੋਲ ਦਿੱਤੇ ਗਏ ਅਤੇ ਸਾਡੇ ਸ਼ੰਕਰਾਚਾਰੀਆ ਬ੍ਰਾਹਮਣਾਂ ਨੇ ਕਤਲੇਆਮ ਕਰਕੇ ਬੁੱਧ ਭਿਕਸ਼ੂਆਂ ਨੂੰ ਭਾਰਤ 'ਚੋਂ ਬਾਹਰ ਕੱਢ ਦਿੱਤਾ। ਲੋਕਾਂ ਨੂੰ ਮੂਰਖ ਬਣਾਉਣ ਲਈ ਬੁੱਧ ਨੂੰ 24ਵਾਂ ਅਵਤਾਰ ਬਣਾ ਕੇ ਹਿੰਦੂ ਧਰਮ 'ਚ ਸਮੋ ਲਿਆ ਅਤੇ ਉਸ ਦੇ ਜੀਵਨ ਨਾਲ ਅਨੇਕਾਂ ਕਰਾਮਾਤਾਂ ਜੋੜ ਦਿੱਤੀਆਂ ਗਈਆਂ, ਜਿਵੇਂ ਸਾਡੇ ਸਿੱਖਾਂ ਨੇ ਸਾਡੇ ਗੁਰੂਆਂ ਨਾਲ ਕਰਾਮਾਤਾਂ ਜੋੜ ਦਿੱਤੀਆਂ ਹਨ। ਉਨ੍ਹਾਂ ਨੂੰ ਮਹਾਂ ਮਾਨਵ ਤੋਂ ਪੈਗੰਬਰ ਬਣਾ ਕੇ ਉਨ੍ਹਾਂ ਦੀਆਂ ਤਰਕਮਈ ਸਿੱਖਿਆਵਾਂ ਨੂੰ ਜਿੰਦਾ ਲਗਾ ਦਿੱਤਾ। ਡਾ. ਇਬਰਾਹੀਮ ਟੀ. ਕਾਵੂਰ ਕਹਿੰਦਾ ਹੈ ਕਿ ਜੋ ਚਮਤਕਾਰੀ ਅਖਵਾਉਣ ਵਾਲਾ ਪੁਰਸ਼ ਆਪਣੇ ਚਮਤਕਾਰਾਂ ਦੀ ਪੜਤਾਲ ਕਰਨ ਦੀ ਆਗਿਆ ਨਹੀਂ ਦਿੰਦਾ ਉਹ ਪਾਖੰਡੀ ਹੁੰਦਾ ਹੈ। ਜੋ ਮਨੁੱਖ ਚਮਤਕਾਰਾਂ ਦੀ ਪੜਤਾਲ ਕਨ ਦਾ ਹੌਂਸਲਾ ਨਹੀਂ ਕਰਦਾ ਉਹ ਲਾਈਲੱਗ ਹੁੰਦਾ ਹੈ। ਜੋ ਬਿਨਾ ਪੜਤਾਲ ਕਰਿਆ ਮੰਨ ਜਾਂਦਾ ਹੈ ਉਹ ਮੂਰਖ ਹੁੰਦਾ ਹੈ। ਅੱਜ ਸਾਡੇ 'ਚ ਬਹੁ-ਗਿਣਤੀ ਲਾਈਲੱਗ ਅਤੇ ਮੂਰਖਾਂ ਦੀ ਹੈ। ਅਸੀਂ ਬੁੱਧੀ, ਵਿਵੇਕ ਤੋਂ ਕੰਮ ਲਏ ਬਿਨ੍ਹਾਂ ਸਾਰੀਆਂ ਰਹੁ-ਰੀਤਾਂ ਫਿਜ਼ੂਲ ਰਸਮਾਂ ਆਦਿ ਸਿਰਫ਼ ਇਸ ਲਈ ਕਰੀ ਜਾਂਦੇ ਹਾਂ ਕਿਉਂਕਿ ਇਹ ਸਾਡੇ ਵੱਡੇ-ਵਡੇਰੇ ਕਰਦੇ ਸਨ। ਅਸੀਂ ਆਦਿ ਸੱਚ, ਜੁਗਾਦਿ ਸੱਚ ਕਹੀ ਜਾਂਦੇ ਹਾਂ, ਇਸੇ ਨੂੰ ਰੱਟ ਲਾਈ ਜਾਂਦੇ ਹਾਂ, ਪਰ ਕਦੇ ਇਹ ਨਹੀਂ ਸੋਚਦੇ ਕਿ ਕਿਹੜਾ ਸੱਚ? ਸੱਚ ਹਮੇਸ਼ਾ ਬਦਲਦਾ ਹੈ। ਅਸਲ ਵਿੱਚ ਪਰਿਵਰਤਨ ਹੀ ਸੱਚ ਹੈ।

ਧਰਮ ਗ੍ਰੰਥਾਂ 'ਚ ਤਾਂ ਇੱਕ ਲਗ ਮਾਤਰ ਤੱਕ ਵੀ ਬਦਲਣ ਦੀ ਇਜ਼ਾਜ਼ਤ ਨਹੀਂ। ਧਰਮ ਪਰਿਵਰਤਨ ਨੂੰ ਸਵੀਕਾਰ ਨਹੀਂ ਕਰਦਾ। ਇਸੇ ਲਈ ਇੱਕ ਧਰਮ 'ਚੋਂ ਹੋਰ ਧਰਮ, ਫਿਰ ਹੋਰ ਧਰਮ ਨਿਕਲੇ ਰਹਿੰਦੇ ਹਨ ਅਤੇ ਪੁਰਾਣੇ ਅਤੇ ਨਵਿਆਂ 'ਚ ਲੜਾਈਆਂ ਹੁੰਦੀਆਂ ਰਹਿੰਦੀਆਂ ਹਨ। 300 ਸਾਲ ਪਹਿਲਾਂ ਦਾ ਸੱਚ ਇਹ ਸੀ ਕਿ ਧਰਤੀ ਖੜ੍ਹੀ ਹੈ। ਖੜ੍ਹੀ ਕਿਵੇਂ ਹੈ, ਇਸ ਬਾਰੇ ਵੱਖ-ਵੱਖ ਧਾਰਨਾਵਾਂ ਸਨ। ਜਦ ਕਾਪਰਨਿਕਸ ਨੇ ਕਿਹਾ ਕਿ ਧਰਤੀ ਬ੍ਰਹਿਮੰਡ ਦਾ ਕੇਂਦਰ ਨਹੀਂ ਤਾਂ ਧਰਮ ਦੀਆਂ ਚੂਲਾਂ ਹਿਲ ਗਈਆਂ। ਇਹ ਧਰਮ ਲਈ ਬਰਦਾਸਤ ਤੋਂ ਬਾਹਰ ਦੀ ਗੱਲ ਸੀ। ਕਾਪਰਨਿਕਸ ਦੀ ਮੌਤ ਤੋਂ ਬਾਅਦ ਬਰੂਨੋ ਨੇ ਇਸ ਸਿਧਾਂਤ ਦਾ ਰੱਜ ਕੇ ਪ੍ਰਚਾਰ ਕੀਤਾ ਤਾਂ ਉਸ ਨੂੰ ਜਿਉਂਦਾ ਅੱਗ 'ਚ ਸਾੜ ਦਿੱਤਾ ਗਿਆ। ਗੈਲੀਲੀਓ ਨੇ ਦੂਰਬੀਨ ਬਣਾ ਕੇ ਚੰਦ ਦੇ ਟੋਏ ਟਿੱਬੇ ਵੀ ਦਿਖਾ ਦਿੱਤੇ। ਉਸ ਤੋਂ ਚਰਚ ਨੇ ਮੁਆਫ਼ੀ ਮੰਗਵਾਈ। ਹੁਣ 300 ਸਾਲ ਬਾਅਦ ਇਟਲੀ ਦੇ ਉਸੇ ਚਰਚ ਨੇ ਗੈਲੀਲੀਓ 'ਚ ਅਜੇ ਵੀ ਲਿਖਿਆ ਹੈ ਕਿ ਧਰਤੀ ਖੜ੍ਹੀ ਹੈ ਉਹ ਨਹੀਂ ਬਦਲੀ ਜਾ ਸਕਦੀ। ਸਾਡੇ ਮਾਡਰਨ ਸਿੱਖ ਧਰਮ ਦਾ ਵੀ ਉਹੀ ਹਾਲ ਹੈ। ਕੋਈ ਗੁਰੂ ਗ੍ਰੰਥ ਸਾਹਿਬ ਦੀ ਖੋਜ ਕਰਨ ਦੀ ਜੁਰੱਅਤ ਕਰੇ ਸੀ, ਝੱਟ ਪੰਥ 'ਚੋਂ ਛੇਕ ਦਿੱਤਾ ਜਾਂਦਾ ਹੈ। ਮੁਦਾਵਣੀ ਵਾਲੇ ਗਿਆਨੀ ਗੁਰਦਿੱਤ ਸਿੰਘ ਦਾ ਹਾਲ ਸਭ ਦੇ ਸਾਹਮਣੇ ਹੈ। ਅੱਜ ਵਿਗਿਆਨ ਦੇ ਯੁੱਗ ਵਿੱਚ ਵੀ ਜੇ ਅਸੀਂ ਲਕੀਰ ਦੇ ਫਕੀਰ ਬਣੇ ਪੁਰਾਣੀਆਂ ਰੂੜੀਆਂ ਢੋਂਦੇ ਰਹੇ, ਧਰਮਾਂ ਦੀਆਂ ਥੋਥੀਆਂ ਅਤੇ ਤਰਕਹੀਣ ਗੱਲਾਂ ਨੂੰ ਬਿਨ੍ਹਾਂ ਪਰਖੇ ਉਵੇਂ ਹੀ ਮੰਨਦੇ ਰਹੇ ਤਾਂ ਸਾਡੀਆਂ ਆਉਣ

ਵਾਲੀਆਂ ਪੀੜ੍ਹੀਆਂ ਸਾਡੇ ਮਜ਼ਾਕ ਉਡਾਇਆ ਕਰਨਗੀਆਂ ਕਿ ਸਾਡੇ ਬਜ਼ੁਰਗ ਕਿੰਨੇ ਮੂਰਖ ਸਨ।

ਵਿਹਲੜ ਸਾਧ ਵੀ ਇਹੋ ਚਾਹੁੰਦੇ ਹਨ, ਸਰਕਾਰਾਂ ਵੀ ਇਹੀ ਚਾਹੁੰਦੀਆਂ ਹਨ ਕਿ ਸਾਡੀ ਸੋਚ ਖੁੰਢੀ ਬਣੀ ਰਹੇ ਅਤੇ ਬਿਨਾਂ ਸੋਚੇ ਅਸੀਂ ਧੰਨ ਮਹਾਰਾਜ, ਧੰਨ ਮਹਾਰਾਜ ਕਹਿੰਦੇ ਰਹੀਏ। ਉਹ ਮਾਇਆ ਨੂੰ ਨਾਗਣੀ ਕਹਿ ਕੇ ਐਸ਼ ਕਰੀ ਜਾਣ। ਸਾਨੂੰ ਕਹਿੰਦੇ ਐ ਗਰੀਬੀ ਮੰਗੋ, ਪਰ ਖੁਦ ਅਮੀਰੀ ਭੋਗਦੇ ਐ। ਸਾਨੂੰ ਕਿਰਤ ਕਰਨ ਦਾ ਉਪਦੇਸ਼ ਦਿੰਦੇ ਐ ਪਰ ਖੁਦ ਵਿਹਲੇ ਰਹਿ ਕੇ ਐਸ਼ ਕਰਦੇ ਐ। ਕਹਿੰਦੇ ਨਾਮ ਜਪੋ, ਜੇ ਪੁੱਛੀਏ ਵੀ ਨਾਮ ਜਪਣ ਨਾਲ ਕੀ ਹੋਜੂ। ਕਹਿੰਦੇ ਮਨ ਨੂੰ ਸ਼ਾਂਤੀ ਆਜੂ। ਜੇ ਸਾਰੇ ਵਿਗਿਆਨੀ ਨਾਮ ਜਪਣ ਵਾਲੇ ਅਤੇ ਸ਼ਾਂਤੀ ਪਸੰਦ ਹੁੰਦੇ ਤਾਂ ਅੱਜ ਆਹ ਕਾਢਾਂ ਨਹੀਂ ਸੀ ਨਿਕਲਣੀਆਂ। ਇਹ ਸੋਚਣਸ਼ੀਲ ਮਨੁੱਖਾਂ ਦੀਆਂ ਕਾਢਾਂ ਹਨ। ਇਸ ਲਈ ਮਨ ਨੂੰ ਭਟਕਣ ਦਿਓ, ਇਸ ਨੂੰ ਵੱਧ ਤੋਂ ਵੱਧ ਸੋਚਣ ਦਿਓ।

## ਮੁਕਤੀ ਦੀ ਇੱਛਾ ਨਹੀਂ

ਮੁਕਤੀ ਤੇ ਨਿਰਵਾਣ ਪਦ 'ਚ ਕਾਫੀ ਅੰਦਰ ਹੈ। ਗੌਤਮ ਬੁੱਧ ਦੇ ਨਿਰਵਾਣ ਪਦ ਦਾ ਅਰਥ ਹੈ ਜਿਉਂਦੇ ਜੀ ਚਿੰਤਾ ਮੁਕਤ ਹੋ ਜਾਣਾ ਆਪਣੀਆਂ ਖਾਹਿਸ਼ਾਂ ਘਟਾ ਕੇ ਮਧ ਮਾਰਗ ਦਾ ਰਸਤਾ ਚੁਨਣਾ ਕਿਉਂਕਿ ਬਕੌਲ ਸ਼ਾਇਰ ਖਾਹਿਸ਼ੇਂ ਕੱਦ ਸੇ ਜਬ ਬੜੀ ਹੋਂਗੀ, ਨਿੱਤ ਨਈਂ ਮਸ਼ਕਿਲੇਂ ਖੜੀ ਹੋਂਗੀ॥ ਇਹਨੂੰ ਸਿੱਧੀ ਸਾਦ ਭਾਸ਼ਾ 'ਚ ਇਹ ਵੀ ਕਹਿ ਸਕਦੇ ਹਾਂ ਕਿ ਚਾਂਦਰ ਦੇਖ ਕੇ ਪੈਰ ਪਸਾਰਨ ਵਾਲਾ ਵਿਅਕਤੀ ਹੀ ਨਿਰਵਾਣ ਪੱਦ ਨੂੰ ਪ੍ਰਾਪਤ ਹੋ ਸਕਦਾ ਹੈ। ਦੂਜੇ ਪਾਸੇ ਸਾਡੇ ਧਰਮਾਂ (ਹਿੰਦੂ, ਸਿੱਖ ਆਦਿ) 'ਚ ਮੁਕਤੀ ਦਾ ਅਰਥ ਹੈ ਹਮੇਸ਼ਾ ਲਈ ਆਪਣੇ ਵਜੂਦ ਦਾ ਖਾਤਮਾ ਅਬ ਕੀ ਬਾਰ ਬਖਸ਼ ਬੰਦੇ ਕੋ ਬਹੁਰ ਨਾ ਭਵਜਲ ਫੇਰਾ ਉਹ ਇਸ ਸੰਸਾਰ ਨੂੰ ਭਵਜਲ (ਡਰ ਦਾ ਸਮੁੰਦਰ) ਕਹਿੰਦੇ ਹਨ ਕਿ ਹੇ ਰੱਬਾ ਐਂਤਕੀ ਬਖਸ਼ ਦੇ ਮੈਂ ਮੁੜਕੇ ਨਹੀਂ ਇਸ ਦੁਨੀਆਂ 'ਤੇ ਆਉਂਦਾ। ਕਿੰਨੀ ਤਰਸਯੋਗ ਸ਼ਾਇਰ ਕਹਿੰਦਾ ਹੈ ਮੁਕਤੀ ਦੀ ਇੱਛਾ ਨਹੀਂ, ਆਵਾਗਵਣ ਦੀ ਲਾਲਸਾ ਹੈ। ਮੇਰੇ ਮਨ ਵਿੱਚ ਯੁੱਗ ਯੁਗੰਤਰ ਤੱਕ ਭ੍ਰਮਣ ਦੀ ਲਾਲਸਾ ਹੈ। ਆਖਿਰ ਧਾਰਮਿਕ ਲੋਕ ਜ਼ਿੰਦਗੀ ਤੋਂ ਐਨਾ ਕਿਉਂ ਡਰਦੇ ਹਨ। ਉਹ ਮਰਨਾ ਸੱਚ ਅਤੇ ਜਿਉਣਾ ਝੂਠ ਕਿਉਂ ਕਹਿੰਦੇ ਹਨ। ਜਦੋਂ ਕਿ ਇਹ ਸੰਸਾਰ ਇੱਕ ਅਟੱਲ ਸੱਚਾਈ ਹੈ। ਇਹ ਜੱਗ ਰਚਨਾ ਸਭ ਸੱਚੀ ਹੈ। ਮੌਤ ਜ਼ਿੰਦਗੀ ਦਾ ਇੱਕ ਪਰਿਵਰਤਣ ਹੈ ਅੰਤ ਨਹੀਂ ਜ਼ਿੰਦਗੀ ਇੱਕ ਹਾਦਸਾ ਹੈ, ਔਰ ਐਸਾ ਹਾਦਸਾ, ਮੌਤ ਸੇ ਭੀ ਖਤਮ ਜਿਸਕਾ ਸਿਲਸਿਲਾ ਹੋਤਾ ਨਹੀਂ ਧਾਰਮਿਕ ਲੋਕ ਅਰਦਾਸ ਕਰਦੇ ਹਨ ਕਿ ਇਸ ਨੂੰ (ਮਰ ਗਏ) ਆਪਣੇ ਚਰਨਾਂ 'ਚ ਨਿਵਾਸ ਬਖਸ਼ੀ। ਆਵਾਗਵਣ ਦੇ ਚੱਕਰ 'ਚੋਂ ਮੁਕਤ ਕਰੀਂ, ਤਾਂ ਉਨ੍ਹਾਂ ਦੇ ਮਨ 'ਚ ਇੱਕ ਭਿਆਨਕ ਡਰ ਹੁੰਦਾ ਹੈ। ਜੋ ਉਨ੍ਹਾਂ ਦੇ ਜੰਗਲੀ ਸੰਸਕਾਰਾਂ ਨੇ ਉਨ੍ਹਾਂ 'ਚ ਭਰਿਆ ਹੁੰਦਾ ਹੈ। ਹਿੰਦੂ ਗ੍ਰੰਥ ਭਗਵਤ ਪੁਰਾਣ 'ਚ ਲਿਖਿਆ ਹੈ ਕਿ ਜਦੋਂ ਬੱਚਾ ਗਰਭ 'ਚ 6 ਮਹੀਨਿਆਂ ਦਾ ਹੁੰਦਾ ਹੈ ਉਦੋਂ ਇਹਦੇ ਸਰੀਰ 'ਚ ਬਾਹਰੋਂ

ਰੂਹ ਪ੍ਰਵੇਸ਼ ਕਰਦੀ ਹੈ। ਅੱਜ ਦੇ ਵਿਗਿਆਕ ਯੁੱਗ ’ਚ ਕੋਈ ਮਹਾਂ ਮੂਰਖ ਹੀ ਇਸ ਗੱਲ ਨੂੰ ਮੰਨ ਸਕਦਾ ਹੈ। ਰੂਹ ਯੂਨਾਨੀ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਭਾਵ ਹੈ ਸਾਹ। ਸਾਹ ਤਾਂ ਬੱਚਾ ਆਪਣੇ ਮਾਤਾ ਪਿਤਾ ਦੇ ਸਰੀਰ ’ਚ ਪਹਿਲਾਂ ਹੀ ਟੁਕੜਿਆਂ ’ਚ ਲੈ ਰਿਹਾ ਹੁੰਦਾ ਹੈ। ਜਦ ਮਾਤਾ ਦਾ ਅੰਡਾ ਅਤੇ ਪਿਤਾ ਦਾ ਸ਼ੁਕਰਕੀਟ (ਸਪਰਮ) ਆਪਸ ’ਚ ਮਿਲਦੇ ਹਨ ਜਰਖੇਜ਼ ਧਰਤੀ ’ਚ ਬੀਜ ਦੇ ਪੁੰਗਰਨ ਵਾਂਗ ਪੌਦਾ ਉੱਗ ਪੈਂਦਾ ਹੈ। ਅੱਜ ਕੱਲ ਕਲੋਨ ਵਿਧੀ ਰਾਹੀਂ ਸਿਰਫ਼ ਨਰ ਜਾਂ ਮਾਦਾ ਦੇ ਮਾਸ ਦੇ ਟੁਕੜੇ ਤੋਂ ਹੀ ਬੱਚਾ ਤਿਆਰ ਕਰ ਲਿਆ ਜਾਂਦਾ ਹੈ ਕਿਉਂਕਿ ਸਰੀਰ ਦਾ ਹਰ ਸੈੱਲ ਹੀ ਆਪਣੇ ਆਪ ’ਚ ਸੰਪੂਰਨ ਹੁੰਦਾ ਹੈ। ਜ਼ਿੰਦਗੀ ਦੇ ਕਦੇ ਵੀ ਖਤਮ ਨਹੀਂ ਹੁੰਦੀ ਸਿਰਫ਼ ਰੂਪ ਬਦਲਦੀ ਹੈ। ਸਾਡੇ ਦਾਦੇ, ਪੜਦਾਦੇ, ਨਕੜਦਾਦੇ ਸਾਡੇ ’ਚ ਵਿਚਰ ਰਹੇ ਹਨ। ਵਿਗਿਆਨ ਅਨੁਸਾਰ ਤੇਰਵੀਂ ਪੀੜ੍ਹੀ ਤੱਕ ਜਾ ਕੇ ਵੀ ਮਨੁੱਖ ਦੇ ਨੈਣ ਨਕਸ਼ ਆਪਣੇ ਤੇਰਵੀਂ ਪੀੜ੍ਹੀ ਵਾਲੇ ਦਾਦੇ ਦਾਦੀ ਨਾਲ ਮਿਲ ਸਕਦੇ ਹਨ। ਮੁਕਤੀ ਦੀ ਮੰਗ ਕਰਨ ਵਾਲੇ ਅਸਲ ’ਚ ਭਾਂਜਵਾਦੀ ਹੁੰਦੇ ਹਨ। ਉਨ੍ਹਾਂ ਨੂੰ ਸੰਘਰਸ਼ ਕਰਨਾ ਕਿਸੇ ਸਿਖਾਇਆ ਨਹੀਂ ਹੁੰਦਾ। ਪਰਲੋਕ ਅਤੇ ਅਗਲੇ ਪਿਛਲੇ ਜਨਮ ਦੀ ਕਲਪਨਾ ਵੀ ਮਨੁੱਖ ਦੇ ਮਨ ਦੇ ਡਰ ਦੀ ਕਾਢ ਹੈ। ਮਨੁੱਖ ਚੂਹੇ ਤੋਂ ਲੈ ਕੇ ਸ਼ੇਰ, ਹਾਥੀ ਤੱਕ ਦੀਆਂ ਜੂਨਾਂ ਇਸੇ ਜਨਮ ’ਚ ਭੋਗ ਜਾਂਦਾ ਹੈ। ਮਨੁੱਖ ਹਰ ਪਲ ਇੱਕ ਨਵੇਂ ਜਾਨਵਰ ਦੇ ਰੂਪ ’ਚ ਹੁੰਦਾ ਹੈ ਕਦੇ ਖਰਗੋਸ਼ ਵਰਗਾ ਸਾਊ ਅਤੇ ਬਘਿਆੜ ਵਰਗਾ ਖੂੰਖਾਰ। ਕਿਰਤੀ ਮਨੁੱਖ ਦੇ ਮਨ ’ਚ ਕਦੇ ਮੁਕਤੀ ਵਰਗੇ ਸੰਕਲਪ ਪੈਂਦਾ ਨਹੀਂ ਹੁੰਦੇ। ਇਹ ਸਿਰਫ਼ ਸ਼ੈਤਾਨ ਅਤੇ ਵਿਹਲੜ ਲੋਕਾਂ ਦੇ ਹੀ ਫੁਰਨੇ ਹਨ ਕਿਉਂਕਿ ਵਿਹਲਾ ਮਨ ਸਦਾ ਹੀ ਸ਼ੈਤਾਨ ਦਾ ਚਰਖਾ ਹੁੰਦਾ ਹੈ।

## ਮਨ ਦਾ ਡਰ

ਜਦੋਂ ਤੋਂ ਮਾਨਵਤਾ ਨੇ ਸੁਰਤ ਸੰਭਾਲੀ ਹੈ, ਉਦੋਂ ਤੋਂ ਹੀ ਇਸ ਦੇ ਮਨ ’ਚ ਇੱਕ ਭਿਆਨਕ ਡਰ ਦਾ ਵਾਸਾ ਹੈ। ਇਹ ਡਰ ਵੀ ਜ਼ਿੰਦਗੀ ਦਾ ਸਿਰਫ਼ ਇੱਕ ਪਾਸਾ ਹੈ। ਇਸ ਡਰ ਤੋਂ ਛੁਟਕਾਰਾ ਪਾਉਣਾ ਹੀ ਮੁਕਤੀ ਹੈ। ਜ਼ਿੰਦਗੀ ਜਿਉਣ ਦੀ ਇਹੀਓ ਇੱਕੋ ਇੱਕ ਜੁਗਤੀ ਹੈ। ਮਨੁੱਖ ਹਨ੍ਹੇਰੇ ’ਚ ਆਪਣੇ ਪਰਛਾਵੇਂ ਤੋਂ ਹੀ ਡਰ ਜਾਂਦੈ। ਇਸੇ ਲਈ ਕਦੇ-ਕਦੇ ਅਣਿਆਈ ਮੌਤੇ ਮਰ ਜਾਂਦੈ। ਇਸ ਡਰ ’ਚੋਂ ਭੂਤ, ਪਰੇਤ ਵਹਿਮ ਭਰਮ ਜੰਮਦੇ ਹਨ। ਇਸ ਡਰ ’ਚੋਂ ਹੀ ਸਾਰੇ ਦੇਵੀ, ਦੇਵਤੇ, ਰੱਬ ਅਤੇ ਧਰਮ ਜੰਮਦੇ ਹਨ। ਤਰਕਸ਼ੀਲ ਸੁਸਾਇਟੀ ਵਾਲੇ ਸਾਥੀ ਕਹਿੰਦੇ ਹਨ, ਜ਼ਿੰਦਗੀ ਦੇ ਵਹਿਣ ਸਦਾ ਵਹਿੰਦੇ ਹਨ। ਜਾਦੂ, ਟੂਣੇ, ਕਰਾਮਾਤਾਂ ਸਭ ਚਲਾਕ ਮਨਾਂ ਦੀ ਕਾਢ ਹੈ ਅਤੇ ਜੋਤਿਸ਼ ਵੀ ਨਿਰਾ ਫਰਾਡ ਹੈ। ਨਾ ਇੱਥੇ ਕੋਈ ਰਾਹੂ ਅਤੇ ਨਾ ਹੀ ਕੋਈ ਕੇਤੂ ਹੈ। ਦਿਹਾੜੀ ਜਾਣ ਲਈ ਤਰਸਦਾ ਵਿਹਲਾ ਚੇਤੂ ਹੈ। ਭੁੱਖੇ ਮਰਦੇ ਚੇਤੂ ਦੀ ਸ਼ਨੀ ਭਲਾ ਕੀ ਲੱਤ ਤੋੜਦੂਗਾ ਕਿ ਪੂਜਾ ਕਰਨ ਨਾਲ ਉਹਦੇ ਘਰੇ ਖਜ਼ਾਨੇ ਜੋੜ ਦੂਗਾ? ਸਿਆਣੇ ਕਹਿੰਦੇ ਹਨ ਪੂਜਾ ਕੋਈ ਕੰਮ ਨਹੀਂ, ਸਗੋਂ ਕੰਮ ਹੀ ਪੂਜਾ ਹੈ। ਪਰ ਵਿਹਲੜ ਤੇ ਸ਼ੈਤਾਨ ਲੋਕਾਂ ਨੇ ਫੜ੍ਹਿਆ

ਰਾਹ ਦੂਜਾ ਹੈ। ਉਹ ਵਿਹਲੇ ਰਹਿੰਦੇ ਹਨ, ਪਰ ਲੋਕਾਂ ਨੂੰ ਕਿਰਤ ਕਰਨ ਲਈ ਕਹਿੰਦੇ ਹਨ। ਉਹ ਉਥੋਂ ਦਸਵੇਂ ਦਸੌਂਧ ਦੀ ਮੰਗ ਕਰਨਗੇ। ਕਹਿੰਦੇ ਨਹੀਂ ਤਾਂ ਤੁਹਾਨੂੰ ਅੱਗੇ ਜਮਦੂਤ ਤੰਗ ਕਰਨਗੇ। ਮਾਇਆ ਨਾਗਣੀ ਹੈ, ਕਹਿੰਦੇ ਇਸ ਤੋਂ ਬਚ ਕੇ ਰਹਿਣਾ ਚਾਹੀਦਾ ਹੈ, ਪਰ ਸੰਤਾਂ ਦੇ ਵੱਸ ਕੀਤੀ ਹੋਈ ਹੈ। ਇਸ ਲਈ ਸੰਤਾਂ ਨੂੰ ਇਹ ਕੁਝ ਨਹੀਂ ਕਹਿੰਦੀ ਹੈ, ਇਹ ਤਾਂ ਸਦਾ ਉਨ੍ਹਾਂ ਦੇ ਚਰਨਾਂ 'ਚ ਹੀ ਬਹਿੰਦੀ ਹੈ। ਇਸ ਲਈ ਸੰਤ ਕਿਰਤੀਆਂ ਨੂੰ ਅਗਲੇ ਪਿਛਲੇ ਜਨਮਾਂ ਅਤੇ ਪਾਪਾਂ ਦਾ ਡਰਾਵਾ ਦਿੰਦੇ ਹਨ। ਕਿਰਤੀ ਖੁੱਲ੍ਹ ਕੇ ਉਨ੍ਹਾਂ ਤਾਈਂ ਚੜ੍ਹਾਵਾ ਦਿੰਦੇ ਹਨ। ਦੁੱਧ ਦਾ ਡੋਲ ਭਰ ਕੇ ਡੇਰੇ ਲਿਜਾਂਦੇ ਹਨ। ਬਦਲੇ 'ਚ ਉਥੋਂ ਪਾਣੀ ਲਿਆਂਦੇ ਹਨ। ਮੰਨ ਲਵੋ ਕਿ ਜੇ ਚੁਰਾਸੀ ਲੱਖ ਜੂਨਾਂ, ਨਰਕ ਆਦਿ ਹੁੰਦੇ ਹੋਣਗੇ ਤਾਂ ਸੰਤਾਂ ਨੂੰ ਦੇਣ ਨਾਲ ਫਿਰ ਉਨ੍ਹਾਂ ਤੋਂ ਛੁਟਕਾਰਾ ਕਿਵੇਂ ਮਿਲ ਸਕਦਾ ਹੈ? ਕੀ ਧਰਮਰਾਜ (ਰੱਬ) ਕੋਈ ਥਾਣੇਦਾਰ ਹੈ ਅਤੇ ਇਹ ਸੰਤ ਉਸਦੇ ਮੁਖਬਰ ਜਾਂ ਦਲਾਲ ਹਨ? ਤਾਂ ਕੀ ਇਨ੍ਹਾਂ ਦੀ ਸਿਫਾਰਸ਼ 'ਤੇ ਉਹ ਮੁਕਤੀ ਬਖਸ਼ ਦਿੰਦਾ ਹੈ। ਬਾਬੇ ਆਪ ਠਾਠ ਬਾਠ ਨਾਲ ਰਹਿੰਦੇ ਹਨ, ਫਿਰ ਇਹ ਮੁਕਤੀ ਕਿਸਨੂੰ ਕਹਿੰਦੇ ਹਨ। ਇੱਕ ਪਾਸੇ ਕਹਿੰਦੇ ਹਨ ਮਨੁੱਖਾਂ ਜਨਮ ਦੁਰਲੱਭ, ਦੂਜੇ ਪਾਸੇ ਇਸੇ ਜਨਮ ਤੋਂ ਛੁਟਕਾਰਾ (ਮੁਕਤੀ) ਮੰਗਦੇ ਹਨ। ਅਸਲ 'ਚ ਇਹ ਕਿਰਤੀਆਂ ਨੂੰ ਡਰ ਦੀ ਸੂਲੀ 'ਤੇ ਟੰਗਦੇ ਹਨ। ਇਹ ਆਪ ਹੀ ਕਹਿੰਦੇ ਹਨ, "ਇਸ ਦੇਹੀ ਕੋ ਤਰਸਣ ਦੇਵ" ਭਾਵ ਮਨੁੱਖੀ ਜਨਮ ਲਈ ਤਾਂ ਦੇਵਤੇ ਵੀ ਤਰਸਦੇ ਹਨ। ਫਿਰ ਇਹ ਕਿਉਂ ਕਹਿੰਦੇ ਹਨ ਕਿ ਰਿਸ਼ਤੇ ਨਾਤੇ ਸਭ ਝੂਠੇ ਹਨ ਕਿਉਂਕਿ ਬੰਦੇ ਨੂੰ ਸਿਰਫ਼ ਡਰਾ ਕੇ ਹੀ ਲੁੱਟਿਆ ਜਾ ਸਕਦਾ ਹੈ। ਸਿਆਸੀ ਪਾਰਟੀਆਂ, ਦੂਜੀਆਂ ਪਾਰਟੀਆਂ ਦਾ ਡਰ ਦਿਖਾ ਕੇ ਵੋਟਾਂ ਦੀ ਲੁੱਟ ਕਰਦੀਆਂ ਹਨ। ਉਹ ਇਸ ਮੁਲਕ ਨੂੰ ਕੈਲੇਫੋਰਨੀਆ ਬਣਾਉਣ ਦੇ ਸਬਜ਼ਬਾਗ ਦਿਖਾ ਕੇ ਆਪਣੇ ਖਜ਼ਾਨੇ ਭਰਦੇ ਹਨ। ਉਹ ਜਾਣਦੇ ਹਨ ਕਿ ਲੋਕ ਮੂਰਖ ਹਨ। ਨੇਤਾ ਅਤੇ ਸਾਧ ਇੱਕ ਦੂਜੇ ਦੇ ਪੂਰਕ ਹਨ। ਨੇਤਾਵਾਂ ਨੂੰ ਜਿਤਾਉਣ ਲਈ ਸਾਧ ਪੂਰਾ ਟਿੱਲ ਲਾਉਂਦੇ ਹਨ। ਜਿਨ੍ਹਾਂ ਚਿਰ ਮਨੁੱਖ ਆਪਣੇ ਮਨ ਵਿਚਲਾ ਡਰ ਤਿਆਗ ਕੇ ਨਿਡਰ ਨਹੀਂ ਹੁੰਦਾ ਉਨ੍ਹਾਂ ਚਿਰ ਉਸ ਦਾ ਇਹ ਜੀਵਨ ਕਿਵੇਂ ਵੀ ਬਿਹਤਰ ਨਹੀਂ ਹੁੰਦਾ। ਬਕੌਲ ਸ਼ਾਇਰ "ਆਦਮੀ ਕੇ ਜ਼ਿਹਨ ਮੇਂ ਥਾ ਏਕ ਭਿਆਨਕ ਖੌਫ, ਉਸਕਾ ਕਿਸੀ ਨੇ ਖੁਦਾ ਨਾਮ ਰੱਖ ਦੀਆ।"

## ਕਾਸ਼ ! ਰੱਬ ਹੁੰਦਾ.....

ਕਾਸ਼ ਹੁੰਦਾ ਕੋਈ ਰੱਬ ਅਸਮਾਨ 'ਤੇ ਸਾਰੀ ਦੁਨੀਆਂ ਨੂੰ ਜੋ ਕੰਟਰੋਲ ਕਰਦਾ।
ਹੱਕ ਦਿੰਦਾ ਉਹ ਸਾਰਿਆਂ ਕਿਰਤੀਆਂ ਨੂੰ ਇੱਥੇ ਵਿਹਲੜ ਨਾ ਕੋਈ ਕਲੋਲ ਕਰਦਾ।
ਰੱਬ ਦੀ ਉਮਰ ਤਿੰਨ ਕੁ ਹਜ਼ਾਰ ਸਾਲ ਮਸਾਂ ਹੀ ਹੈ। ਸਭ ਤੋਂ ਪੁਰਾਣੇ ਗ੍ਰੰਥ ਰਿਗਵੇਦ ਵਿੱਚ ਰੱਬ ਦਾ ਕਿਤੇ ਕੋਈ ਜ਼ਿਕਰ ਨਹੀਂ। ਸਿਰਫ਼ ਸੁਰ (ਸ਼ਰਾਬ ਪੀਣ ਵਾਲੇ ਅਤੇ ਅਸੁਰ (ਸ਼ਰਾਬ ਨਾ ਪੀਣ ਵਾਲਿਆਂ ਦਾ ਹੀ ਜਿਕਰ ਹੈ) ਬਾਅਦ 'ਚ ਸੁਰਾਂ ਨੂੰ ਦੇਵਤੇ ਅਤੇ ਅਸੁਰਾਂ ਨੂੰ ਰਾਖਸ਼ਸ਼ ਕਿਹਾ ਜਾਣ ਲੱਗਾ। ਅਸਲ 'ਚ ਇਹ ਅਸੁਰ (ਦਰਾਵੜ) ਹੀ ਭਾਰਤ

ਦੇ ਮੂਲ ਵਾਸੀ ਸਨ ਅਤੇ ਕਿਸੇ ਕਿਸਮ ਦੀ ਪੂਜਾ ਨਹੀਂ ਕਰਦੇ ਸਨ। ਬਹੁਤ ਮਿਹਨਤਕਸ਼ ਸ਼ਿਲਪੀ ਕਲਾਕਾਰ ਸਨ। ਮੋਹਿੰਜੋਦੋੜੋ ਹੜੱਪਾ ਸਭਿਅਤਾ ਇਸ ਦੀ ਮੂੰਹ ਬੋਲਦੀ ਮਿਸਾਲ ਸਨ। ਸੁਰ ਬਾਹਰੋਂ ਆਏ ਆਰੀਅਨ ਧਾੜਵੀ ਸਨ। ਜੋ ਸ਼ਰਾਬ ਪੀਂਦੇ ਅਤੇ ਬਹੁਤ ਲੜਾਕੂ ਸਨ। ਇਨ੍ਹਾਂ ਨੇ ਵੱਸਦੇ ਦਰਾਵੜਾਂ ਨੂੰ ਭਜਾ ਦਿੱਤਾ, ਮਾਰ ਦਿੱਤਾ ਜਾਂ ਕੈਦ ਕਰ ਲਿਆ। ਕੈਦ ਕੀਤੇ ਗਿਆਂ ਨੂੰ ਸ਼ੂਦਰ ਦਾ ਦਰਜਾ ਦਿੱਤਾ। ਉਨ੍ਹਾਂ ਦੇ ਸਾਰੇ ਹੱਕ ਖੋਹ ਲਏ ਗਏ। ਆਰੀਅਨਾਂ 'ਚ ਬ੍ਰਹਮਣ ਜਮਾਤ ਦੀ ਪ੍ਰਧਾਨਗੀ ਸੀ। ਇਹ ਆਰੀਅਨ ਸ਼ਰਮੇ, ਵਰਮੇ ਤੇ ਅਗਰਵਾਲ ਸਨ। ਇਹ ਮੱਧ ਏਸ਼ੀਆ 'ਚੋਂ ਭਾਰਤ ਵਿੱਚ ਆਏ। ਜੱਟ ਅਤੇ ਹੋਰ ਕੌਮਾਂ ਕਬੀਲਿਆਂ ਦੇ ਰੂਪ ਵਿੱਚ ਅਫਗਾਨਿਸਤਾਨ ਵਾਲੇ ਪਾਸਿਓਂ ਭਾਰਤ ਵਿੱਚ ਆਈਆ। ਬ੍ਰਹਿਮਣ ਨੇ ਚਾਰ ਵਰਣ ਬਣਾ ਕੇ ਸਾਰੇ ਸਮਾਰ ਨੂੰ ਜਾਤਾਂ ਪਾਤਾਂ ਵਿੱਚ ਵੰਡ ਦਿੱਤਾ ਅਤੇ ਖੁਦ ਨੂੰ ਸਰਵ ਉੱਚ ਸਥਾਨ 'ਤੇ ਰੱਖਿਆ। ਰਿਗਵੇਦ 'ਚ ਦਰਾਵੜਾਂ ਨੂੰ ਮਾਰਨ ਵਾਲੇ ਇੰਦਰ ਵਗੈਰਾ ਦੀ ਉਸਤਤ ਹੀ ਕੀਤੀ ਹੋਈ ਹੈ ਅਤੇ ਹੋਰ ਕੁਝ ਨਹੀਂ। ਹਵਨ, ਯੱਗ ਅਤੇ ਪੂਜਾ ਵਗੈਰਾ ਦਾ ਵਰਣਨ ਹੈ। ਸੂਰਜ, ਚੰਨ, ਅਗਨ ਵਗੈਰਾ ਨੂੰ ਦੇਵਤੇ ਮੰਨ ਕੇ ਪੂਜਾ ਕੀਤੀ ਜਾਂਦੀ ਸੀ। ਪਰ ਰੱਬ ਦਾ ਕਿਤੇ ਕੋਈ ਜ਼ਿਕਰ ਨਹੀਂ। ਰੱਬ ਦੀ ਕਲਪਨਾ 3 ਹਜ਼ਾਰ ਸਾਲ ਪਹਿਲਾਂ ਯਹੂਦੀਆਂ ਨੇ ਕੀਤੀ। ਹਜ਼ਰਤ ਮੂਸਾ ਨੇ ਕਿਹਾ ਕਿ ਮੈਨੂੰ ਕੋਹਿਤੂਰ ਪਰਬਤ 'ਤੇ ਰੱਬ ਦੇ ਦਰਸ਼ਨ ਹੋਏ ਅਤੇ ਮੈਂ ਰੱਬ ਦਾ ਪੈਗੰਬਰ ਦੂਤ ਹਾਂ। ਫਿਰ ਯਸੂਹ ਮਸੀਹ ਅਤੇ ਹਜ਼ਰਤ ਮੁਹੰਮਦ ਨੇ ਖੁਦ ਨੂੰ ਰੱਬ ਦਾ ਪੈਗੰਬਰ ਘੋਸ਼ਿਤ ਕੀਤਾ। ਹਿੰਦੂਆਂ ਨੇ ਬ੍ਰਹਮਾ, ਵਿਸ਼ਣੂ, ਮਹੇਸ਼ ਤਿੰਨ ਰੱਬਾਂ ਦੀ ਕਲਪਨਾ ਕੀਤੀ। ਤਿੰਨਾਂ ਨੂੰ ਪੈਦਾ ਕਰਨ, ਪਾਲਣ ਅਤੇ ਮਾਰਨ ਦੇ ਅੱਡ-ਅੱਡ ਮਹਿਕਮੇ ਅਲਾਟ ਕਰ ਦਿੱਤੇ। ਧਰਤੀ ਨੂੰ ਬਲਦ ਦੇ ਸਿੰਗਾਂ 'ਤੇ ਖੜ੍ਹੀ ਦੱਸਿਆ ਅਤੇ ਬਲਦ ਨੂੰ ਵੱਡੇ ਕੱਛੂਕੁਮੇ 'ਤੇ ਖੜ੍ਹੇ ਅਤੇ ਸ਼ੇਸ਼ਨਾਗ ਦੁਆਰਾ ਸਾਰੀ ਧਰਤੀ ਨੂੰ ਵਲਣ ਦੀ ਕਲਪਨਾ ਕੀਤੀ। ਚੰਨ, ਤਾਰੇ ਸ਼ੇਸ਼ਨਾਗ ਦੀ ਸਿਰੀ ਵਿੱਚ ਚਮਕਦੇ ਕਲਪਿਤ ਕੀਤੇ ਗਏ। ਬੇਸ਼ੱਕ ਵਿਗਿਆਨਿਕ ਯੁੱਗ ਵਿੱਚ ਅੱਜ ਇਹ ਹਾਸੋਹੀਣੀਆਂ ਗੱਲਾਂ ਹਨ, ਪਰ ਅੰਧ-ਵਿਸ਼ਵਾਸ਼ੀ ਲੋਕ ਹਾਲੇ ਵੀ ਅੱਖਾਂ ਮੀਟ ਕੇ ਇਸ ਸਭ ਕੁਝ ਨੂੰ ਸੱਚ ਮੰਨੀ ਜਾ ਰਹੇ ਹਨ। ਜਦ ਉਹ ਤਰਕਸ਼ੀਲਾਂ ਨੂੰ ਕਹਿੰਦੇ ਹਨ ਕਿ ਤੁਸੀਂ ਰੱਬ ਨੂੰ ਕਿਉਂ ਨਹੀਂ ਮੰਨਦੇ ਤਾਂ ਤਰਕਸ਼ੀਲ ਅੱਗੇ ਜਵਾਬ ਦਿੰਦੇ ਹਨ, "ਸਾਡਾ ਕਿਹੜਾ ਰੱਬ ਨਾਲ ਪਾਣੀ ਦੀ ਵਾਰੀ ਦਾ ਰੌਲਾ"। ਸਗੋਂ ਅਸੀਂ ਤਾਂ ਕਹਿੰਦੇ ਤਾਂ ਕਾਸ਼! ਰੱਬ ਹੁੰਦਾ ਤਾਂ ਸਮਾਜ 'ਚ ਕਾਣੀ ਵੰਡ ਅਤੇ ਜਾਤ, ਪਾਤ ਨਾ ਹੁੰਦੀ। ਬੇ-ਇਨਸਾਫੀ ਅਤੇ ਬਲਾਤਕਾਰ ਨਾ ਹੁੰਦੇ। ਮਾਦਾ ਭਰੂਣ ਹੱਤਿਆ ਨਾ ਹੁੰਦੀ, ਮਾੜੇ ਕੰਮ ਕਰਨ ਵਾਲਿਆਂ ਨੂੰ ਰੱਬ ਮੌਕੇ 'ਤੇ ਹੀ ਸਜ਼ਾ ਦੇਦਿਆਂ ਕਰਦਾ, ਪਰ ਹੁਣ ਤਾਂ ਰੱਬ ਨੂੰ ਭ੍ਰਿਸ਼ਟਾਚਾਰੀ ਥਾਣੇਦਾਰ ਦਾ ਦਰਜ਼ਾ ਦੇ ਦਿੱਤਾ ਹੈ, ਕਿ ਦੋ ਨੰਬਰ ਰਾਹੀਂ ਕਾਲਾ ਧਨ ਕਮਾਓ ਉਸ ਵਿੱਚੋਂ ਕੁਝ ਹਿੱਸਾ ਰੱਬ ਨੂੰ ਦਿਓ ਅਤੇ ਸੁਰਖਰੂ ਹੋ ਜਾਉ। ਹਿੰਦੁਸਤਾਨ ਵਿੱਚ ਹਸਪਤਾਲ ਅਤੇ ਸਕੂਲ 14 ਲੱਖ ਹਨ ਜਦੋਂ ਕਿ ਧਾਰਮਿਕ ਸਥਾਨਾਂ ਦੀ ਗਿਣਤੀ 16 ਲੱਖ ਹੈ। ਹੁਣ ਕੀਹਦੇ-ਕੀਹਦੇ ਪੈਰੀਂ ਹੱਥ ਲਾਈਏ, ਸਾਧਾਂ ਦੇ ਵੱਗ ਫਿਰਦੇ। ਬਕੌਲ ਸ਼ਾਇਰ "ਬੰਦੇ

ਨਾ ਹੋਂਗੇ, ਜਿਤਨੇ ਖ਼ੁਦਾ ਹੈਂ ਖ਼ੁਦਾਈ ਮੇਂ, ਕਿਸ-ਕਿਸ ਖ਼ੁਦਾ ਕੇ ਸਾਹਮਣੇ ਸਜ਼ਦਾ ਕਰੇ ਕੋਈ।

## ਮ੍ਰਿਤਕ ਵੀ ਕਈ ਕਾਜ ਸਵਾਰੇ

ਆਮ ਤੌਰ 'ਤੇ ਮ੍ਰਿਤਕ ਸਰੀਰ ਬਾਰੇ ਕਿਹਾ ਜਾਂਦਾ ਹੈ ਕਿ ਇਹ ਤਾਂ ਮਿੱਟੀ ਹੈ, ਇਹ ਨੂੰ ਜਿਵੇਂ ਮਰਜੀ ਕਿਉਂਟ ਦਿਓ ਅਤੇ ਇਹ ਵੀ ਕਿ ਤੇਰਾ ਚੰਮ ਨਹੀਂ ਕਿਸੇ ਕੰਮ ਆਉਣਾ, ਪਸ਼ੂਆਂ ਦੇ ਹੱਡ ਵਿਕਦੇ। ਪਰ ਮ੍ਰਿਤਕ ਸਰੀਰ ਮਿੱਟੀ ਨਹੀਂ, ਮੈਡੀਕਲ ਖੋਜ ਵਾਸਤੇ ਇੱਕ ਅਨਮੋਲ ਹੀਰਾ ਹੁੰਦਾ ਹੈ। 15 ਸਿੱਖਿਅਤ ਡਾਕਟਰਾਂ ਲਈ ਇੱਕ ਮ੍ਰਿਤਕ ਸਰੀਰ ਹੋਣਾ ਜ਼ਰੂਰੀ ਹੈ। ਪਰ ਸਾਡੇ ਦੇਸ਼ ਵਿੱਚ 50 ਸਿੱਖਿਅਤ ਡਾਕਟਰਾਂ ਦੇ ਹਿੱਸੇ ਮਸਾਂ ਇੱਕ ਮ੍ਰਿਤਕ ਮਨੁੱਖੀ ਸਰੀਰ ਹੀ ਆਉਂਦਾ ਹੈ। ਦਿਮਾਗੀ ਤੌਰ 'ਤੇ ਮਰ ਚੁੱਕਿਆ ਇੱਕ ਚੱਲਦੇ ਦਿਲ ਵਾਲਾ ਮ੍ਰਿਤਕ ਸਰੀਰ 8 ਮਨੁੱਖੀ ਜਾਨਾਂ ਬਚਾ ਸਕਦਾ ਹੈ। ਇਸ ਤਰ੍ਹਾਂ ਇਸ ਦੀ ਕੀਮਤ ਕਿਸੇ ਵੀ ਤਰ੍ਹਾਂ ਪੈਸਿਆਂ 'ਚ ਨਹੀਂ ਗਿਣੀ ਜਾ ਸਕਦੀ। ਪਹਿਲਾਂ ਗਿਆਨ ਦੀ ਘਾਟ ਕਾਰਨ ਹੀ ਕਿਹਾ ਜਾਂਦਾ ਸੀ ਕਿ "ਨਰੂ ਮਰੇ ਨਰ ਕਾਮ ਨਾ ਆਵੇ, ਪਸ਼ੂ ਮਰੇ ਦਸ ਕਾਜ ਸਵਾਰੇ"। ਪਰ ਅੱਜ ਇਹ ਧਾਰਨਾਵਾਂ ਗਲਤ ਸਾਬਤ ਹੋ ਗਈਆਂ ਹਨ।

25 ਜਨਵਰੀ 2009 ਤੋਂ ਚੈਨਈ ਦੀ ਇੱਕ ਖਬਰ ਅਨੁਸਾਰ ਤਿੰਨ ਸਾਲਾ ਬੱਚੀ ਵਲੋਂ ਤਿੰਨ ਜਣਿਆਂ ਨੂੰ ਜੀਵਨ ਦਾਨ ਦਿੱਤਾ ਗਿਆ। ਕੇਰਲਾ ਵਾਸੀ ਰੇਨਿਲਸਨ ਆਪਣੀ ਪਤਨੀ ਨਿਸ਼ਾ ਅਤੇ ਤਿੰਨ ਸਾਲਾ ਬੱਚੀ ਨਾਲ ਕਰ 'ਚ ਰਿਹਾ ਸੀ ਕਿ 20 ਜਨਵਰੀ ਨੂੰ ਬੰਗਲੌਰ 'ਚ ਕਾਰ ਹਾਦਸਾ ਗ੍ਰਸਤ ਹੋ ਗਈ। ਜਿਸ 'ਚ ਉਸ ਦੀਆਂ ਹੱਡੀਆਂ ਟੁੱਟ ਗਈਆਂ। ਪਤਨੀ ਨਿਸ਼ਾ ਮਾਰੀ ਗਈ ਅਤੇ ਬੱਚੀ ਤਮੰਨਾ ਦੀ ਦਿਮਾਗੀ ਮੌਤ ਹੋ ਗਈ। ਰੇਨਿਲਸਨ ਵੱਲੋਂ ਬੱਚੀ ਦਾ ਸਰੀਰ ਦਾਨ ਕਰ ਦਿੱਤਾ ਗਿਆ। ਡਾਕਟਰਾਂ ਵੱਲੋਂ ਦਿਲ ਰੋਗ ਤੋਂ ਪੀੜਤ 21 ਮਹੀਨੇ ਦੇ ਬੱਚੇ ਦੇ ਇਸ ਬੱਚੀ ਦਾ ਦਿਲ ਲਗਾ ਦਿੱਤਾ ਗਿਆ। ਉਸ ਦਾ ਜਿਗਰ ਚੇਨਈ ਦੇ ਇੱਕ ਢਾਈ ਸਾਲਾ ਬੱਚੇ ਦੇ ਲਾਇਆ ਗਿਆ ਅਤੇ ਗੁਰਦੇ 60 ਸਾਲਾ ਬਜ਼ੁਰਗ ਦੇ ਲਾਏ ਗਏ। ਇਸ ਤਰ੍ਹਾਂ ਇਹ ਮ੍ਰਿਤਕ ਬੱਚੀ ਤਿੰਨ ਜਣਿਆਂ ਨੂੰ ਜੀਵਨ ਬਖਸ਼ ਗਈ। ਸੰਨ 2000 'ਚ ਚੇਨਈ ਦੇ ਸੀ. ਐਮ. ਸੀ. ਹਸਪਤਾਲ 'ਚ ਇੱਕ ਵਿਅਕਤੀ 40 ਸਾਲਾ ਬੋਥਨ ਜੀ ਫਿਲਿਪ ਦੀ ਦਿਮਾਗ ਦੀ ਨਾੜੀ ਫਟਣ ਕਾਰਨ ਮੌਤ ਹੋ ਗਈ ਸੀ। ਇਸੇ ਹਸਪਤਾਲ 'ਚ ਕੰਮ ਕਰਦੀ ਉਸ ਦੀ ਸਾਲੀ ਡਾ. ਐਮਨੀ ਦੇਵਸੀਆ ਨੇ ਬੋਥਨ ਦੀ ਮਾਂ ਸ੍ਰੀਮਤੀ ਰੋਜਾ ਫਿਲਿਪ ਨੂੰ ਪ੍ਰੇਰਿਤ ਕਰਕੇ ਬੋਥਨ ਦਾ ਸਰੀਰ ਦਾਨ ਕਰਵਾ ਦਿੱਤਾ। ਉਸ ਦਾ ਦਿਲ ਮਰਨ ਕਿਨਾਰੇ ਪਏ ਇੱਕ ਦਿਲ ਦੇ ਮਰੀਜ਼ ਦੇ ਲਾ ਦਿੱਤਾ ਗਿਆ। ਦੋ ਵਿਅਕਤੀਆਂ ਦੇ ਉਸ ਦਾ ਇੱਕ ਇੱਕ ਗੁਰਦਾ ਲਗਾ ਦਿੱਤਾ ਗਿਆ। ਉਸ ਦੀਆਂ ਅੱਖਾਂ ਦੋ ਅੰਨ੍ਹੇ ਵਿਅਕਤੀਆਂ ਦੇ ਲਗਾ ਦਿੱਤੀਆਂ ਗਈਆਂ। ਉਸ ਦੀ ਚਮੜੀ ਇੱਕ ਪੂਰੀ ਤਰ੍ਹਾਂ ਸੜ ਚੁੱਕੇ ਆਦਮੀ ਦੇ ਲਾ ਕੇ ਉਸ ਨੂੰ ਬਚਾ ਲਿਆ। ਇਸ ਤਰ੍ਹਾਂ ਉਹ ਛੇ ਵਿਅਕਤੀਆਂ ਨੂੰ ਜੀਵਨ ਦਾਨ

ਦੇਣ ਵਾਲਾ ਬਣ ਗਿਆ।

ਸੰਨ 2000 'ਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ 14 ਮੈਂਬਰਾਂ ਨੇ ਕ੍ਰਿਸ਼ਨ ਬਰਗਾੜੀ ਅਤੇ ਐਡਵੋਕੇਟ ਅਵਤਾਰ ਗੋਂਦਾਰਾ ਦੀ ਅਗਵਾਈ 'ਚ ਸਰੀਰ ਦਾਨ ਕਰਨ ਲਈ ਫਰੀਦਕੋਟ ਕਚਹਿਰੀਆਂ 'ਚ ਫਾਰਮ ਭਰੇ (ਜਿਨ੍ਹਾਂ 'ਚ ਲੇਖਕ ਵੀ ਸ਼ਾਮਿਲ ਸੀ) 2002 'ਚ ਬਲੱਡ ਕੈਂਸਰ ਨਾਲ ਮੌਤ ਹੋ ਜਾਣ ਕਾਰਨ ਕ੍ਰਿਸ਼ਨ ਬਰਗਾੜੀ ਉਤਰੀ ਭਾਰਤ ਦਾ ਸਭ ਤੋਂ ਪਹਿਲਾ ਸਵੈ ਇੱਛਤ ਸਰੀਰਦਾਨੀ ਬਣਿਆ। ਤਰਕਸ਼ੀਲ ਵਿਚਾਰਾਂ ਵਾਲੇ ਲੋਕ ਹੁਣ ਤੱਕ 48 ਮ੍ਰਿਤਕ ਸਰੀਰ ਮੈਡੀਕਲ ਖੋਜ ਲਈ ਦਾਨ ਕਰ ਚੁੱਕੇ ਹਨ। ਪੰਜਾਬ 'ਚ ਹੁਣ ਇਹ ਇੱਕ ਲਹਿਰ ਦਾ ਰੂਪ ਧਾਰਨ ਕਰ ਗਈ ਹੈ। ਅਗਲੇ ਪਿਛਲੇ ਜਨਮਾਂ ਦੇ ਮਿੱਥਿਆ ਪ੍ਰਚਾਰ ਅਤੇ ਰੂਹਾਂ ਦੇ ਜੰਜਾਲ 'ਚੋਂ ਨਿਕਲ ਕੇ ਸਾਨੂੰ ਮ੍ਰਿਤਕ ਸਰੀਰ ਦਾਨ ਕਰਕੇ ਮਾਨਵਤਾ ਦੀ ਸੇਵਾ ਕਰਨੀ ਚਾਹੀਦੀ ਹੈ। ਬਕੌਲ ਸ਼ਾਇਰ "ਕਿ ਜਬ ਤੂੰ ਨਾ ਚੱਲ ਸਕੇ ਤੋਂ ਤੇਰੀ ਦਾਸਤਾਂ ਚਲੇ।"

## ਬ੍ਰਹਿਮੰਡ ਦੀ ਉਮਰ

ਖਗੋਲ ਵਿਗਿਆਨ ਅਨੁਸਾਰ ਸਾਡਾ ਬ੍ਰਹਿਮੰਡ ਅਜੇ ਜਵਾਨੀ ਦੀ ਅਵਸਥਾ ਵਿੱਚ ਹੈ। ਵਿਗਿਆਨ ਦੁਆਰਾ ਰੇਡੀਓ ਐਕਟਿਵ ਕਲਾਕ ਦੀ ਵਰਤੋਂ ਕਰਕੇ ਇਹ ਨਿਰਣਾ ਲੈ ਲਿਆ ਗਿਆ ਹੈ ਕਿ ਸਾਡੇ ਸੂਰਜ ਪਰਿਵਾਰ ਦੀ ਉਮਰ 5×(10 ਉਪਰ 9) ਸਾਲ ਹੈ। ਸਿੱਧੇ ਲਫਜਾਂ 'ਚ ਕਹਿ ਸਕਦੇ ਹਾਂ ਕਿ ਸੂਰਜ ਦੀ ਉਮਰ 5 ਅਰਬ ਸਾਲ ਹੈ। ਚੰਨ ਤੋਂ ਲਿਆਂਦੀਆਂ ਚਟਾਨਾਂ 4 ਅਰਬ ਸਾਲ ਪੁਰਾਣੀਆਂ ਹਨ। ਪੁਲਾੜ 'ਚੋਂ ਧਰਤੀ 'ਤੇ ਡਿੱਗੇ ਉਲਕਾ ਪਿੰਡਾਂ ਦੀ ਉਮਰ ਵੀ ਐਨੀ ਕੁ ਹੀ ਮਿੱਥੀ ਗਈ ਹੈ। ਅਮਰੀਕਾ ਵੱਲੋਂ 1990 ਵਿੱਚ ਇੱਕ ਹੱਬਲ ਨਾ ਦੀ ਬਹੁਤ ਵੱਡੀ ਟੈਲੀਸਕੋਪ ਪੁਲਾੜ 'ਚ ਸਥਾਪਤ ਕੀਤੀ ਗਈ ਜੋ ਬ੍ਰਹਿਮੰਡ ਦੇ ਭੇਤ ਜਾਨਣ 'ਚ ਬਹੁਤ ਸਹਾਈ ਹੋ ਰਹੀ ਹੈ। ਇਹ ਹੱਬਲ ਦੂਰਬੀਨ ਦਾ ਭਾਰ 11.6 ਟਨ ਹੈ ਅਤੇ ਇਸ ਦਾ ਵਿਆਸ 2.4 ਮੀਟਰ ਹੈ। ਇਸ ਦੇ ਮੁੱਖ ਸ਼ੀਸ਼ੇ ਦਾ ਭਾਰ 826 ਕਿਲੋਗ੍ਰਾਮ ਹੈ। ਇਸ ਦੂਰਬੀਨ 'ਤੇ ਅਮਰੀਕਾ ਦੇ 3 ਖਰਬ ਡਾਲਰ ਖਰਚ ਹੋਏ। ਇਹ ਟੈਲੀਸਕੋਪ 1993 ਵਿੱਚ ਸਥਾਪਤ ਕੀਤੀ ਗਈ ਸੀ। ਹੁਣ ਇੱਕ ਇਸ ਤੋਂ ਵੀ ਆਧੁਨਿਕ ਦੂਰਬੀਨ ਧਰਤੀ ਤੋਂ ਡੇਢ ਲੱਖ ਕਿਲੋਮੀਟਰ ਦੀ ਦੂਰੀ 'ਤੇ ਸਥਾਪਤ ਕੀਤੀ ਜਾ ਰਹੀ ਹੈ। ਇਹ ਉਹ ਥਾਂ ਹੈ ਜਿੱਥੇ ਸੂਰਜ ਅਤੇ ਧਰਤੀ ਦੀ ਗੁਰੂਤਾ ਖਿੱਚ ਖਤਮ ਹੋ ਜਾਂਦੀ ਹੈ। ਇਹ ਦੂਰਬੀਨ ਸੂਰਜ ਦੇ ਜ਼ਿਆਦਾ ਨੇੜੇ ਹੋਣ ਕਰਕੇ ਹੱਬਲ ਨਾਲੋਂ ਵੀ ਜ਼ਿਆਦਾ ਲਾਹੇਵੰਦ ਹੋਵੇਗੀ। ਹੱਬਲ ਦੂਰਬੀਨ ਦੀ ਸਹਾਇਤਾ ਨਾਲ ਵਿਗਿਆਨੀਆਂ ਨੂੰ ਤਾਰਿਆਂ ਦੇ ਜਨਮ ਅਤੇ ਮੌਤ ਬਾਰੇ ਵਿਸਥਾਰ ਸਹਿਤ ਪਤਾ ਲੱਗਾ ਹੈ। ਇਸ ਰਾਹੀਂ ਧੂੜ ਅਤੇ ਗੈਸ ਦੇ ਉਹ ਬੱਦਲ ਦੇਖੇ ਜਾ ਸਕਦੇ ਹਨ ਜਿਨ੍ਹਾਂ ਨੂੰ ਵਿਗਿਆਨੀ ਤਾਰੇ ਦਾ ਜਨਮ ਕਹਿੰਦੇ ਹਨ। ਹੱਬਲ ਰਾਹੀਂ ਹੀ ਇਹ ਪਤਾ ਲੱਗਾ ਹੈ ਕਿ ਤਾਰਿਆਂ ਦੀ ਮੌਤ ਸਮੇਂ ਬਹੁਤ ਵੱਡੇ-ਵੱਡੇ ਧਮਾਕੇ ਹੁੰਦੇ ਹਨ। ਜਿਸ ਨਾਲ ਗੈਸ ਧੂੜ ਬਹੁਤ ਵੱਡੀ ਮਾਤਰਾ 'ਚ ਪੈਦਾ ਹੋ ਜਾਂਦੀ ਹੈ। ਇਹ ਕਿਰਿਆ ਸਾਥੋਂ

3000 ਪ੍ਰਕਾਸ਼ ਵਰ੍ਹੇ ਦੂਰ ਵਾਪਰ ਰਹੀ ਹੈ। ਯਾਦ ਰਹੇ ਕਿ ਪ੍ਰਕਾਸ਼ ਸਾਲ (ਲਾਈਟ ਏਅਰ) ਦਾ ਅਰਥ ਹੈ ਕਿ ਰੌਸ਼ਨੀ ਤਿੰਨ ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਦੀ ਰਫਤਾਰ ਨਾਲ ਚੱਲਦੀ ਹੋਈ ਇੱਕ ਸਾਲ ਵਿੱਚ ਜਿੰਨੀ ਦੂਰੀ (9600 ਕਰੋੜ ਕਿਲੋਮੀਟਰ) ਤਹਿ ਕਰ ਲਵੇ ਉਹ ਪ੍ਰਕਾਸ਼ ਸਾਲ ਹੈ। 9600 ਕਰੋੜ ਨੂੰ 3000 ਕਿਲੋਮੀਟਰ ਨਾਲ ਗੁਣਾ ਕਰਕੇ ਇਹ ਦੂਰੀ ਕੱਢੀ ਜਾ ਸਕਦੀ ਹੈ। ਹੱਬਲ ਨੇ ਵੱਡੇ ਬਲੈਕ ਹੋਲ ਬਾਰੇ ਸਾਨੂੰ ਦੱਸਿਆ ਹੈ। ਇਹ ਬਲੈਕ ਹੋਲ ਸੂਰਜ ਤੇ ਮੰਗਲ ਦੇ ਮੁਕਾਬਲੇ 300 ਮਿਲੀਅਨ ਗੁਣਾ ਵੱਡਾ ਹੈ। ਆਕਾਸ਼ ਗੰਗਾਵਾਂ ਦੇ ਠੀਕ ਵਿਚਕਾਰ ਇਹ ਬਲੈਕ ਹੋਲ ਚੀਜ਼ਾਂ ਨੂੰ ਆਪਣੇ ਵੱਲ ਖਿੱਚਦੇ ਹਨ। ਹੱਬਲ ਦੀ ਖੂਬੀ ਇਹ ਹੈ ਕਿ ਇਹ ਪੁਲਾੜ 'ਚ ਫੈਲੇ ਧੂੜ ਕਣਾਂ ਵਿੱਚ ਵੀ ਵੇਖ ਲੈਂਦੀ ਹੈ। ਹੱਬਲ ਦੀਆਂ ਖੋਜਾਂ ਤੋਂ ਪਤਾ ਲੱਗਦਾ ਹੈ ਕਿ ਬ੍ਰਹਿਮੰਡ ਅਜੇ ਜਵਾਨ ਹੈ ਅਤੇ ਇਸਦੀ ਉਮਰ ਅਜੇ 8 ਬਿਲੀਅਨ ਸਾਲ ਹੈ। ਖੋਜਾਂ ਬਾਰੇ ਨਾ ਪੜ੍ਹਣ ਵਾਲੇ ਲਾਈ ਲੱਗ ਵਿਅਕਤੀਆਂ ਤਾਰਿਆਂ ਦੀ ਐਨੀ ਵੱਡੀ ਗਿਣਤੀ ਦੇਖ ਕੇ ਬਾਂ ਬਾਂ ਕਰਨ ਲੱਗ ਜਾਂਦੇ ਹਨ ਅਤੇ ਬਲਿਹਾਰੇ ਜਾਂਦਿਆਂ ਮੱਥੇ ਟੇਕਣ ਲੱਗਦੇ ਹਨ। ਜਿਵੇਂ ਇੱਕ ਗਲੈਕਸੀ ਵਿੱਚ 20000 ਹਜ਼ਾਰ ਕਰੋੜ ਤਾਰੇ ਹਨ ਅਤੇ ਅਜਿਹੀਆਂ ਕਰੋੜਾਂ ਗਲੈਕਸੀਆਂ ਹੋਰ ਹਨ। ਐਨਾ ਸੁਣਕੇ ਹੀ ਸ਼ਰਧਾਲੂ ਵਜਦ 'ਚ ਸਿਰ ਫੇਰਨ ਲੱਗਦੇ ਹਨ ਅਤੇ ਧੰਨ ਹੈ ਧੰਨ ਹੈ ਕਹਿਣ ਲੱਗਦੇ ਹਨ। ਪਰ ਜਿਹੜੇ ਵਿਗਿਆਨ ਨੇ ਛੋਟੀ ਜਿਹੀ ਉਮਰ 'ਚ ਐਨਾ ਕੁਝ ਦੇਖ ਲਿਆ ਹੈ ਉਸ ਬਾਰੇ ਖਾਮੋਸ਼ ਹੋ ਜਾਂਦੇ ਹਨ। ਅਸਲ ਵਿੱਚ ਇਨਸਾਨ ਨੇ ਇਨਸਾਨ ਦੀ ਤਾਕਤ 'ਤੇ ਅਜੇ ਤੱਕ ਗੁਮਾਨ ਕਰਨਾ ਹੀ ਨਹੀਂ ਸਿੱਖਿਆ। ਸਥਾਪਤ ਅਤੇ ਲੁਟੇਰੇ ਪ੍ਰਬੰਧ ਰਾਹੀਂ ਇਨਸਾਨ ਨੂੰ ਵੱਧ ਤੋਂ ਵੱਧ ਭੈ-ਭੀਤ ਕੀਤਾ ਜਾਂਦਾ ਹੈ।

✪✪✪